# ਅਧਿਆਇ 5

# ਨਹਮਯਾਹ ਦੀਆਂ ਮੁਸ਼ਕਿਲਾਂ ਅੰਦਰ ਤੋਂ

ਪਿਛਲੇ ਅਧਿਆਇ ਵਿਚ ਨਹਮਯਾਹ ਨੇ ਯਹੂਦਾਹ ਦੇ ਦੁਸ਼ਮਣਾਂ ਵੱਲੋਂ ਪੈਦਾ ਕੀਤੀਆਂ ਗਈਆਂ ਮੁਸ਼ਕਿਲਾਂ ਨਾਲ ਨਜਿੱਠਿਆ। ਇਸ ਅਧਿਆਇ ਵਿਚ ਉਸ ਨੂੰ ਯਹੂਦੀਆਂ ਦੇ ਅੰਦਰੋਂ ਹੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਨਹਮਯਾਹ ਨੇ ਦੁਸ਼ਟ ਅਤੇ ਲਾਲਚੀ ਰੀਤਾਂ ਦਾ ਖਾਤਮਾ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕੀਤਾ।

ਇਸ ਪੂਰੇ ਅਧਿਆਇ ਨੂੰ ਬਰੈਕਟਾਂ ਵਿਚ ਲਿਖੀਆਂ ਟਿੱਪਣੀਆਂ ਵਾਂਗ ਵੇਖਿਆ ਗਿਆ ਹੈ; ਕਈਆਂ ਦਾ ਵਿਚਾਰ ਹੈ ਕਿ ਨਹਮਯਾਹ ਕਿਸੇ ਘਟਨਾ ਦੀ ਗੱਲ ਕਰ ਰਿਹਾ ਸੀ ਜਿਹੜੀ ਕੰਧ ਦੇ ਬਣ ਜਾਣ ਦੇ ਕੁਝ ਦੇਰ ਬਾਅਦ ਵਾਪਰੀ। ਬੇਸ਼ੱਕ ਕੰਧ ਦੇ ਬਣਾਏ ਜਾਣ ਵੇਲੇ ਅਧਿਆਇ ਵਿਚ ਦੱਸੀਆਂ ਗਈਆਂ ਸਭ ਬੁਰੀਆਂ ਗੱਲਾਂ ਦੇ ਹੋਣ ਲਈ ਸਮਾਂ ਹੀ ਨਹੀਂ ਹੋਵੇਗਾ। ਪਰ ਇਹ ਸੰਭਵ ਹੈ ਕਿ ਇਸ ਮੌਕੇ ਤੇ ਨਹਮਯਾਹ ਦੇ ਸਾਹਮਣੇ ਲਿਆਂਦੀਆਂ ਗਈਆਂ ਸ਼ਿਕਾਇਤਾਂ ਉਹ ਹੋਣ ਜਿਹੜੀਆਂ ਨਹਮਯਾਹ ਦੇ ਪਹੁੰਚਣ ਤੋਂ ਪਹਿਲਾਂ ਕਿਤੇ ਸ਼ੁਰੂ ਹੋਈਆਂ ਅਤੇ ਉਨ੍ਹਾਂ ਪਰਿਵਾਰਾਂ ਉੱਤੇ ਜਿਨ੍ਹਾਂ ਦੇ ਬੰਦੇ ਬਿਨਾਂ ਤਨਖ਼ਾਹ ਦੇ ਕੰਧ ਉੱਤੇ ਕੰਮ ਕਰਦੇ ਸਨ, ਵਾਧੂ ਦਬਾਅ ਪੈਣ ਕਰਕੇ ਉਹ ਇਸ ਹੱਦ ਤਕ ਪਹੁੰਚ ਗਏ।

### ਮੁਸ਼ਕਿਲ: ਮਾੜਾ ਸਲੂਕ ਕਰਨ ਵਾਲੇ ਕਰਜ਼ਦਾਰ (5:1-5)

**1ਤਦ ਲੋਕਾਂ ਅਤੇ ਉਨ੍ਹਾਂ ਦੀਆਂ ਤੀਵੀਆਂ ਵਲੋਂ ਉਨ੍ਹਾਂ ਦੇ ਯਹੂਦੀ ਭਰਾਵਾਂ ਦੇ ਵਿਰੁੱਧ ਇਕ ਵੱਡੀ**
**ਦੁਹਾਈ ਮੱਚ ਗਈ 2ਅਤੇ ਕਈ ਸਨ ਜਿਹੜੇ ਕਹਿੰਦੇ ਸਨ ਕਿ ਸਾਡੇ ਪੁੱਤ੍ਰ, ਸਾਡੀਆਂ ਧੀਆਂ ਅਤੇ ਅਸੀਂ**
**ਬਹੁਤ ਸਾਰੇ ਹਾਂ। 3ਸਾਨੂੰ ਅੰਨ ਦੁਆਇਆ ਜਾਵੇ, ਜੋ ਅਸੀਂ ਖਾ ਕੇ ਜੀ ਸੱਕੀਏ, ਅਤੇ ਕਈ ਸਨ ਜਿਹੜੇ**
**ਵਿੱਚੋਂ ਕਹਿੰਦੇ ਸਨ, ਅਸੀਂ ਆਪਣੇ ਖੇਤ ਅਤੇ ਆਪਣੇ ਅੰਗੂਰੀ ਬਾਗ ਅਤੇ ਆਪਣੇ ਘਰ ਗਿਰਵੀ ਰੱਖ**
**ਦਿੰਦੇ ਹਾਂ ਤਾਂ ਜੋ ਅਸੀਂ ਕਾਲ ਲਈ ਅੰਨ ਲੈ ਸੱਕੀਏ 4ਅਤੇ ਕਈ ਕਹਿੰਦੇ ਸਨ ਕਿ ਅਸਾਂ ਆਪਣੇ ਖੇਤਾਂ**
**ਅਤੇ ਆਪਣੇ ਅੰਗੂਰੀ ਬਾਗਾਂ ਨੂੰ ਗਿਰਵੀ ਰੱਖ ਕੇ ਪਾਤਸ਼ਾਹ ਦੇ ਮਾਮਲੇ ਲਈ ਚਾਂਦੀ ਉਧਾਰ ਲਈ 5ਹੁਣ**
**ਸਾਡਾ ਸਰੀਰ ਸਾਡਿਆਂ ਭਰਾਵਾਂ ਦੇ ਸਰੀਰ ਵਰਗਾ ਹੈ ਅਤੇ ਸਾਡੇ ਬੱਚੇ ਉਨ੍ਹਾਂ ਦੇ ਬੱਚਿਆਂ ਵਰਗੇ ਹਨ ਅਤੇ ਵੇਖੋ, ਅਸੀਂ ਆਪਣੇ ਪੁੱਤ੍ਰ ਅਤੇ ਆਪਣੀਆਂ ਧੀਆਂ ਨੂੰ ਟਹਿਲੂਏ ਹੋਣ ਲਈ ਗੁਲਾਮੀ ਵਿੱਚ ਦਿੰਦੇ ਹਾਂ ਅਤੇ ਸਾਡੀਆਂ ਧੀਆਂ ਵਿੱਚੋਂ ਕੁੱਝ ਗੋਲੀਆਂ ਹੋ ਚੁੱਕੀਆਂ ਹਨ ਅਤੇ ਸਾਡਾ ਕੁੱਝ ਵੱਸ ਨਹੀਂ ਚਲਦਾ ਕਿਉਂ ਜੋ ਸਾਡੇ ਖੇਤ ਅਤੇ ਅੰਗੂਰੀ ਬਾਗ ਦੂਜਿਆਂ ਕੋਲ ਹਨ।**

ਅਮੀਰ ਲੋਕ ਗ਼ਰੀਬਾਂ ਨੂੰ ਉੱਚੀ ਵਿਆਜ ਦਰ ਤੇ ਉਧਾਰ ਦੇ ਕੇ ਉਨ੍ਹਾਂ ਨਾਲ ਨਜਾਇਜ਼ ਕਰ ਰਹੇ ਸਨ। ਕਰਜ਼ਦਾਰਾਂ ਵੱਲੋਂ ਉਨ੍ਹਾਂ ਦਾ ਕਰਜ਼ਾ ਨਾ ਚੁਕਾ ਸਕਣ ਦੀ ਸੂਰਤ ਵਿਚ ਉਹ ਉਨ੍ਹਾਂ ਦੀ ਜਾਇਦਾਦ ਅਤੇ ਇੱਥੋਂ ਤਕ ਕਿ ਬੱਚੇ ਵੀ ਲੈ ਲੈਂਦੇ ਸਨ।

**ਆਇਤ 1.** ਪਹਿਲੀ ਆਇਤ ਵਿਚ ਇਹ ਆਖ ਕੇ ਕਿ ਬਹੁਤ ਸਾਰੇ ਆਦਮੀ ਅਤੇ **ਉਨ੍ਹਾਂ ਦੀਆਂ ਤੀਵੀਆਂ** ਸ਼ਿਕਾਇਤ ਕਰ ਰਹੇ ਸਨ ਜਾਂ ਰੌਲਾ ਪਾ ਰਹੇ ਸਨ ਇਸ ਵਿਸ਼ੇ ਦਾ ਅਰੰਭ ਕੀਤਾ ਗਿਆ ਹੈ। ਇਹ ਤੱਥ ਕਿ ਇਨ੍ਹਾਂ ''ਤੀਵੀਂਆਂ'' ਦਾ ਜ਼ਿਕਰ ਕੀਤਾ ਗਿਆ ਹੈ ਮਹੱਤਵਪੂਰਨ ਹੋ ਸਕਦਾ ਹੈ। ਸ਼ਾਇਦ

ਸਮਾਜ ਦੀਆਂ ਔਰਤਾਂ ਆਪਣੇ ਪਤੀਆਂ ਨਾਲੋਂ ਵੱਧ ਵਿੱਤੀ ਮੁਸ਼ਕਿਲਾਂ ਤੋਂ ਜਾਣੂ ਅਤੇ ਚਿੰਤਤ ਸਨ। ਹੋ ਸਕਦਾ ਹੈ ਕਿ ਆਦਮੀ ਕੰਧ ਬਣਾਉਣ ਵਿਚ ਐਨੇ ਰੁੱਝੇ ਹੋਏ ਹੋਣ ਕਿ ਉਨ੍ਹਾਂ ਨੇ ਸੋਚਿਆ ਹੀ ਨਾ ਹੋਵੇ ਕਿ ਉਨ੍ਹਾਂ ਦਾ ਘਰ–ਬਾਹ ਕਿਵੇਂ ਚੱਲ ਰਿਹਾ ਹੈ। ਲੋਕਾਂ ਦੀ ਮੁਸ਼ਕਿਲ ਉਨ੍ਹਾਂ ਦੇ ਦੁਸ਼ਮਣਾਂ (ਸਨਬੱਲਟ ਅਤੇ ਉਸ ਦੇ ਸਾਥੀਆਂ ਵਰਗੇ) ਕਰਕੇ ਨਹੀਂ ਬਲਕਿ **ਉਨ੍ਹਾਂ ਦੇ ਯਹੂਦੀ ਭਰਾਵਾਂ** ਕਰਕੇ ਸੀ।

**ਆਇਤ 2.** ਲੋਕਾਂ ਦੇ ਤਿੰਨ ਧੜਿਆਂ ਨੇ ਨਹਮਯਾਹ ਅੱਗੇ ਸ਼ਿਕਾਇਤ ਕੀਤੀ। ਪਹਿਲਾ, ਲੋਕ ਸਿਰਫ਼ ਇਹ ਕਹਿਣ ਲਈ ਆਏ (ਜਿੱਥੋਂ ਤਕ ਵਚਨ ਦੱਸਦਾ ਹੈ) ਕਿ ਆਪਣੇ ਵੱਡੇ ਟੱਬਰਾਂ ਨਾਲ ਉਨ੍ਹਾਂ ਨੂੰ **ਅੰਨ ਦੁਆਇਆ** ਜਾਵੇ ਤਾਂ ਜੋ ਉਹ ਜੀਉਂਦੇ ਰਹਿ ਸਕਣ। ਇਸ ਸੰਦਰਭ ਵਿਚ ਬੋਲਣ ਵਾਲੇ ਲੋਕ ਭੂਮੀਹੀਨ ਵਰਗ ਦੇ ਲੋਕਾਂ ਜਾਂ ਦਿਹਾੜੀਦਾਰ ਮਜ਼ਦੂਰਾਂ ਨੂੰ ਮੰਨਿਆ ਜਾਂਦਾ ਹੈ ਜਿਨ੍ਹਾਂ ਕੋਲ ਗਹਿਣੇ ਰੱਖਣ ਲਈ ਜ਼ਮੀਨ ਨਹੀਂ ਸੀ ਪਰ ਉਨ੍ਹਾਂ ਨੂੰ ਕਈ ਮਹੀਨੇ ਦਾ ਖਾਣਾ ਚਾਹੀਦਾ ਸੀ। ਉਨ੍ਹਾਂ ਦੀਆਂ ਲੋੜਾਂ ਕਰਕੇ ਉਨ੍ਹਾਂ ਨੂੰ ਉਨ੍ਹਾਂ ਤੋਂ ਜਿਹੜੇ ਅਮੀਰ ਸਨ ਪੈਸਾ ਜਾਂ ਅਨਾਜ ਉਧਾਰ ਲੈਣਾ ਪਿਆ ਅਤੇ ਉਨ੍ਹਾਂ ਨੂੰ ਕਰਜ਼ਾ ਮੋੜਨ ਵਿਚ ਦਿੱਕਤ ਆ ਰਹੀ ਸੀ।

**ਆਇਤ 3.** ਦੂਜੇ ਧੜੇ ਨੇ ਕਿਹਾ ਕਿ ਲੋੜ ਜੋਗਾ **ਅੰਨ** ਖਰੀਦਣ ਲਈ ਉਹ ਆਪਣੀ ਜਾਇਦਾਦ **ਗਿਰਵੀ ਰੱਖ** ਰਹੇ ਸਨ। ਉਹ ਅਮੀਰਾਂ ਤੋਂ ਪੈਸਾ ਉਧਾਰ ਲੈ ਰਹੇ ਸਨ ਅਤੇ ਕਰਜ਼ੇ ਦੀ ਜ਼ਮਾਨਤ ਜਾਂ ਸਿਕਿਉਰਟੀ ਦੇ ਰੂਪ ਵਿਚ ਆਪਣੀ ਜਾਇਦਾਦ ਭਾਵ ਆਪਣੇ **ਖੇਤ** ਆਪਣੇ **ਅੰਗੂਰੀ** ਬਾਗ ਅਤੇ ਆਪਣੇ **ਘਰ** ਵਰਤ ਰਹੇ ਸਨ। ਜੇ ਉਹ ਵਾਅਦੇ ਮੁਤਾਬਕ ਸਮੇਂ ਸਿਰ ਕਰਜ਼ਾ ਨਾ ਮੋੜ ਪਾਉਂਦੇ ਤਾਂ ਉਧਾਰ ਲੈਣ ਵਾਲੇ ਉਨ੍ਹਾਂ ਦੀ ਗਿਰਵੀ ਰੱਖੀ ਜਾਇਦਾਦ ਦੇ ਮਾਲਕ ਬਣ ਜਾਂਦੇ।

ਉਨ੍ਹਾਂ ਨੂੰ ਕਰਜ਼ੇ ਦੀ ਲੋੜ ਕਿਉਂ ਸੀ? ਕਿਉਂਕਿ ਦੇਸ਼ ਵਿਚ ਪਏ **ਕਾਲ** ਨਾਲ ਉਨ੍ਹਾਂ ਨੂੰ ਵਿੱਤੀ ਮਦਦ ਦੀ ਬਹੁਤ ਲੋੜ ਸੀ। ਕਿਤਾਬ ਵਿਚ ਸਿਰਫ਼ ਇੱਥੇ ਇੱਕੋ ਵਾਰ ''ਕਾਲ'' ਦੀ ਗੱਲ ਆਈ ਹੈ। ਇਹ ਤੱਥ ਕਿ ਯਰੂਸ਼ਲਮ ਨੂੰ ਬਣਾਏ ਜਾਣ ਬਾਰੇ ਪਹਿਲੀਆਂ ਆਇਤਾਂ ਵਿਚ ਕਾਲ ਦੀ ਕੋਈ ਗੱਲ ਨਹੀਂ ਹੈ, ਇਹ ਸਾਬਿਤ ਨਹੀਂ ਕਰਦਾ ਕਿ ਇੱਥੇ ਦੱਸੀਆਂ ਗਈਆਂ ਘਟਨਾਵਾਂ ਕੰਧ ਦੇ ਬਣਾਏ ਜਾਣ ਤੋਂ ਬਾਅਦ ਵਾਪਰੀਆਂ।

**ਆਇਤ 4.** ਆਮ ਲੋਕਾਂ ਦੇ ਤੀਜੇ ਧੜੇ ਨੇ ਕੰਗਾਲ ਹੋਣ ਦਾ ਇਕ ਹੋਰ ਕਾਰਣ ਦੱਸਿਆ। **ਪਾਤਸ਼ਾਹ ਦੇ ਮਾਮਲੇ** ਭਾਵ ਫ਼ਾਰਸ ਦੇ ਰਾਜੇ ਨੂੰ ਦਿੱਤਾ ਜਾਣ ਵਾਲਾ ਕਰ (ਅਜ਼ਰਾ 4:13) ਚੁਕਾਉਣ ਲਈ ਉਨ੍ਹਾਂ ਨੂੰ **ਚਾਂਦੀ** ਉਧਾਰ ਲੈਣ ਲਈ **ਆਪਣੇ ਖੇਤਾਂ ਅਤੇ ਆਪਣੇ ਅੰਗੂਰੀ ਬਾਗਾਂ ਨੂੰ ਗਿਰਵੀ** ਰੱਖਣਾ ਪਿਆ ਸੀ।

**ਆਇਤ 5.** ਪ੍ਰਾਰਥੀਆਂ ਦਾ ਰਿਸ਼ਤਾ ਉਨ੍ਹਾਂ ਨਾਲ ਜਿਨ੍ਹਾਂ ਤੋਂ ਉਨ੍ਹਾਂ ਨੇ ਉਧਾਰ ਪੈਸਾ ਲਿਆ ਸੀ, ਬਹੁਤ ਨਜ਼ਦੀਕੀ ਸੀ। (**ਸਾਡਾ ਸਰੀਰ ਸਾਡਿਆਂ ਭਰਾਵਾਂ ਦੇ ਸਰੀਰ ਵਰਗਾ ਹੈ**), ਇਸ ਕਰਕੇ ਉਨ੍ਹਾਂ ਦੇ ਬੱਚੇ ਉਧਾਰ ਦੇਣ ਵਾਲਿਆਂ ਦੇ ਬੱਚਿਆਂ ਨਾਲੋਂ ਫ਼ਰਕ ਨਹੀਂ ਸਨ। NIV ਵਿਚ ਕਿਹਾ ਗਿਆ ਹੈ, ''ਅਸੀਂ ਆਪਣੇ ਦੇਸ਼ਵਾਸੀਆਂ ਵਾਂਗ ਇੱਕੋ ਮਾਸ ਅਤੇ ਲਹੂ ਹਾਂ ... ਸਾਡੇ ਪੁੱਤਰ ਉਨ੍ਹਾਂ ਦੇ ਪੁੱਤਰਾਂ ਵਾਂਗ ਹੀ ਚੰਗੇ ਹਨ।'' ਭਾਵੇਂ ਇਹ ਸਹੀ ਸੀ ਪਰ ਉਧਾਰ ਲੈਣ ਵਾਲਿਆਂ ਨੂੰ ਉਨ੍ਹਾਂ ਦਾ ਕਰਜ਼ਾ ਮੋੜਨ ਲਈ ਆਪਣੇ **ਪੁੱਤਰ ਅਤੇ ਆਪਣੀਆਂ ਧੀਆਂ ਨੂੰ ਗੁਲਾਮੀ** ਲਈ ਵੇਚਣਾ ਪੈਂਦਾ ਸੀ। ਅਸਲ ਵਿਚ ਉਨ੍ਹਾਂ ਦੀਆਂ ਕੁਝ **ਧੀਆਂ** ਪਹਿਲਾਂ ਹੀ **ਗੋਲੀਆਂ ਹੋ ਚੁੱਕੀਆਂ** ਸਨ।

''ਗੋਲੀਆਂ ਹੋ ਚੁੱਕੀਆਂ'' ਦੀ ਬਜਾਇ ਹੋਰਨਾਂ ਸੰਸਕਰਨਾਂ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦੀਆਂ ਧੀਆਂ ਪਹਿਲਾਂ ਹੀ ''ਹਰ'' ਲਈਆਂ ਗਈਆਂ (NRSV) ਜਾਂ ਉਨ੍ਹਾਂ ਦਾ ''ਹਰਣ ਕਰ ਲਿਆ ਗਿਆ'' (CEV)। ਇਹ (*kabash*, *ਕਾਬਾਸ਼*) ਦਾ ਇਕ ਸੰਭਵ ਅਰਥ ਹੈ।[1] ਪਰ ਆਇਤ 5 ਵਿਚ ਇਹ ਸ਼ਬਦ ਪਹਿਲਾਂ ਗੁਲਾਮੀ ਵਿਚ ''ਦਿੰਦੇ'' ਹੋਣ ਦੇ ਸੰਕੇਤ ਨਾਲ ਮਿਲਦਾ ਹੈ। ਸਾਫ਼ ਹੈ ਕਿ ਬੱਚਿਆਂ ਦਾ ਵੇਚਿਆ ਜਾਣਾ ਅਜੇ ਹੁਣੇ ਹੁਣੇ ਸ਼ੁਰੂ ਹੋਇਆ ਸੀ ਅਤੇ ਸਭ ਤੋਂ ਪਹਿਲਾਂ ਧੀਆਂ ਨੂੰ ਹੀ ਲਿਆ ਗਿਆ ਸੀ (ਵੇਖੋ NJB; NCV; NLT)। ਇਸ ਸੰਦਰਭ ਵਿਚ *ਕਾਬਾਸ਼* ਦਾ ਅਰਥ ਭਾਵੇਂ ''ਬਲਾਤਕਾਰ'' ਨਹੀਂ

ਹੈ, ਪਰ ਵਿਚਾਰ ਇਸ ਨਾਲੋਂ ਬਹੁਤਾ ਫ਼ਰਕ ਨਹੀਂ ਹੈ। ਜਦ ਕਿਸੇ ਧੀ ਨੂੰ ਗੁਲਾਮ ਬਣਾ ਕੇ ਵੇਚਿਆ ਜਾਂਦਾ ਤਾਂ ਆਮ ਤੌਰ ਤੇ ਉਸ ਨੂੰ ਆਪਣੇ ਮਾਲਕ ਦੀ ਰਖੈਲ ਬਣਨ ਲਈ ਮਜਬੂਰ ਕੀਤਾ ਜਾਂਦਾ ਸੀ।

ਇਕ ਤਰ੍ਹਾਂ ਨਾਲ ਆਪਣੀ ਜਾਇਦਾਦ ਗੁਆ ਦੇਣ ਤੇ ਗ਼ਰੀਬ ਲੋਕ ਬੇਕਦਰੇ ਸ਼ਾਹੂਕਾਰਾਂ ਨੂੰ ਆਪਣਾ ਕਰਜ਼ਾ ਚੁਕਾਉਣ ਲਈ ਆਪਣੇ ਬੱਚੇ ਵੇਚ ਰਹੇ ਸਨ। ਉਨ੍ਹਾਂ ਨੇ ਨਹਮਯਾਹ ਅੱਗੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਦਾ **ਕੁਝ ਵੱਸ ਨਹੀਂ ਚਲਦਾ**, ਕਿਉਂ ਜੋ ਉਹ **ਖੇਤ ਅਤੇ ਅੰਗੂਰੀ ਬਾਗ** ਜਿਹੜੇ ਉਨ੍ਹਾਂ ਦੇ ਹੁੰਦੇ ਸਨ, ਹੁਣ **ਦੂਜਿਆਂ ਕੋਲ** ਸਨ।

ਮੂਸਾ ਦੀ ਸ਼ਰ੍ਹਾ ਦੀਆਂ ਸਿੱਖਿਆਵਾਂ ਦੀ ਰੌਸ਼ਨੀ ਵਿਚ ਇਨ੍ਹਾਂ ਆਇਤਾਂ ਵਿਚ ਆਤਮਿਕ ਮਾਮਲਿਆਂ ਨੂੰ ਕਿਵੇਂ ਵੇਖਿਆ ਜਾਣਾ ਚਾਹੀਦਾ ਹੈ। ਸ਼ਰ੍ਹਾ ਵਿਚ ਕਰਜ਼ਾ ਦੇਣ ਦੀ ਮਨਾਹੀ ਨਹੀਂ ਸੀ ਪਰ ਇਸ ਵਿਚ ਕਿਸੇ ਸਾਥੀ ਇਸਰਾਏਲ ਨੂੰ ਕਰਜ਼ਾ ਦੇ ਕੇ ਬਿਆਜ ਲੈਣ ਦੀ ਮਨਾਹੀ ਜ਼ਰੂਰ ਸੀ। ਖ਼ੁਦਾ ਨੇ ਮੂਸਾ ਦੇ ਰਾਹੀਂ ਦੱਸਿਆ ਸੀ:

> ਤੂੰ ਆਪਣੇ ਭਰਾ ਨੂੰ ਬਿਆਜ ਉੱਤੇ ਨਾ ਦੇਵੀਂ, ਨਾ ਚਾਂਦੀ ਦਾ ਬਿਆਜ, ਨਾ ਅੰਨ ਦਾ ਬਿਆਜ, ਨਾ ਕਿਸੇ ਚੀਜ਼ ਦਾ ਬਿਆਜ ਜਿਹੜੀ ਬਿਆਜ ਉੱਤੇ ਦਿੱਤੀ ਜਾਂਦੀ ਤੂੰ ਓਪਰੇ ਨੂੰ ਬਿਆਜ ਉੱਤੇ ਦੇ ਸਕਦਾ ਹੈਂ ਪਰ ਆਪਣੇ ਭਰਾ ਨੂੰ ਬਿਆਜ ਉੱਤੇ ਨਾ ਦੇਵੀਂ ਤਾਂ ਜੋ ਯਹੋਵਾਹ ਤੇਰਾ ਪਰਮੇਸ਼ੁਰ ਤੇਰੇ ਹੱਥ ਦੇ ਕੰਮਾਂ ਵਿਚ ਉਸ ਧਰਤੀ ਉੱਤੇ ਜਿੱਥੇ ਤੂੰ ਕਬਜ਼ਾ ਕਰਨ ਲਈ ਜਾਂਦਾ ਹੈ ਤੈਨੂੰ ਬਰਕਤ ਦੇਵੇ (ਬਿਵਸਥਾ ਸਾਰ 23:19, 20; ਵੇਖੋ ਕੂਚ 22:25; ਲੇਵੀਆਂ 25:35–37)।

ਯਹੂਦੀਆਂ ਤੋਂ ''ਚਾਂਦੀ ਦਾ ਸੌਵਾਂ ਹਿੱਸਾ'' (5:11) ਮੋੜਨ ਦੀ ਉਮੀਦ ਕੀਤੀ ਜਾ ਰਹੀ ਸੀ ਭਾਵ ਉਨ੍ਹਾਂ ਨੂੰ ਐਨਾ ਬਿਆਜ ਲਾਇਆ ਜਾ ਰਿਹਾ ਸੀ। ਇਹ ਸ਼ਾਹੂਕਾਰ ਉਨ੍ਹਾਂ ਉੱਤੇ ਕਰਜ਼ੇ ਤੇ ਨਜਾਇਜ਼ ਵਿਆਜ ਲਾ ਰਹੇ ਸਨ।

ਸ਼ਰ੍ਹਾ ਵਿਚ ਭਾਵੇਂ ਕਰਜ਼ੇ ਉੱਤੇ ਜ਼ਮਾਨਤ ਦੇਣ ਲਈ ''ਗਿਰਵੀ ਰੱਖਣ'' ਦੀ ਇਜਾਜ਼ਤ ਸੀ (ਬਿਵਸਥਾ ਸਾਰ 24:10, 11), ਪਰ ਸਰ੍ਹਾ ਦਾ ਸਾਰ ਇਹ ਸੀ ਕਿ ਸ਼ਾਹੂਕਾਰ ਕਰਜ਼ਦਾਰਾਂ ਨੂੰ ਕਿਸੇ ਚੀਜ਼ ਤੋਂ ਵਾਂਝਿਆ ਨਾ ਕਰਨ, ਜਿਹੜੀ ਉਨ੍ਹਾਂ ਦੇ ਜ਼ਿੰਦਾ ਰਹਿਣ ਲਈ ਜ਼ਰੂਰੀ ਹੋਵੇ। ਸ਼ਰ੍ਹਾ ਵਿਚ ਆਦਮੀ ਨੂੰ ਉਧਾਰ ਲਾਹੁਣ ਲਈ ਆਪਣੇ ਆਪ ਨੂੰ ਆਪਣੇ ਸ਼ਾਹੂਕਾਰ ਨੂੰ ਵੇਚ ਦੇਣ ਦੀ ਵੀ ਇਜਾਜ਼ਤ ਸੀ (ਲੇਵੀਆਂ 25:39, 40; ਵੇਖੋ ਕੂਚ 21:1–6; ਬਿਵਸਥਾ ਸਾਰ 15:12–18), ਪਰ ਇਸ ਰੀਤ ਨੂੰ ਦੋ ਤਰੀਕਿਆਂ ਨਾਲ ਘਟਾਇਆ ਗਿਆ ਸੀ:

1. ਆਦਮੀ ''ਛੇ ਸਾਲਾਂ'' ਤੋਂ ਵੱਧ ਨਹੀਂ ਜਾਂ ''ਜੁਬਲੀ ਦੇ ਵਰ੍ਹੇ'' ਤਕ ਹੀ ਗੁਲਾਮ ਰਹਿ ਸਕਦਾ ਸੀ (ਜਿਹੜਾ ਹਰ ਪੰਜਾਹਵੇਂ ਸਾਲ ਹੁੰਦਾ ਸੀ); ਫਿਰ ਉਸ ਨੂੰ ਅਜ਼ਾਦ ਕਰ ਦੇਣਾ ਜ਼ਰੂਰੀ ਸੀ। ਸ਼ਰ੍ਹਾ ਵਿਚ ਕਿਸੇ ਇਸਰਾਏਲੀ ਨੂੰ ਜਿਹੜਾ ਕਿਸੇ ਗੈਰ–ਇਸਰਾਏਲੀ ਦਾ ਗੁਲਾਮ ਬਣਿਆ ਹੋਵੇ, ਵੇਚਣ ਦੀ ਪ੍ਰਵਾਨਗੀ ਨਹੀਂ ਸੀ, ਕਿਉਂ ਜੋ ਕਿਸੇ ਗੈਰਕੌਮ ਨੂੰ ਜੁਬਲੀ ਦੇ ਵਰ੍ਹੇ ਦਾ ਸਨਮਾਨ ਕਰਨ ਦਾ ਕੋਈ ਕਾਰਣ ਨਹੀਂ ਹੋਣਾ ਸੀ। ਇਸ ਕਰਕੇ ਸ਼ਰ੍ਹਾ ਵਿਚ ਗੁਲਾਮਾਂ ਦੀ ਮੰਡੀ ਵਿਚ ਇਬਰਾਨੀ ਗੁਲਾਮ ਵੇਚੇ ਜਾਂਦੇ ਸਨ (ਲੇਵੀਆਂ 25:42)। ਬਾਹਰੀ ਲੋਕਾਂ ਨਾਲ ਜਿਹੜੇ ਇਸਰਾਏਲੀਆਂ ਦੇ ਗੁਲਾਮ ਰਹੇ ਸਨ, ਵੱਖਰੇ ਤਰੀਕੇ ਨਾਲ ਸਲੂਕ ਕੀਤਾ ਜਾ ਸਕਦਾ ਸੀ ਪਰ ਸਾਰੇ ਗੁਲਾਮਾਂ ਨਾਲ ਇਨਸਾਨਾਂ ਵਾਂਗ ਸਲੂਕ ਕੀਤਾ ਜਾਣਾ ਜ਼ਰੂਰੀ ਸੀ (ਲੇਵੀਆਂ 25:44–46)।

2. ਇਸ ਦੌਰਾਨ ਕਿਸੇ ਯਹੂਦੀ ਨੂੰ ਗੁਲਾਮ ਦੇ ਰੂਪ ਵਿਚ ਕੰਮ ਕਰਨਾ ਪੈਂਦਾ, ਉਸ ਦੌਰਾਨ ਉਸ ਨੂੰ ਸਚਮੁਚ ਦੇ ਗੁਲਾਮ ਵਾਂਗ ਨਹੀਂ, ਬਲਕਿ ਭਾੜੇ ਤੇ ਲਾਏ ਆਦਮੀ ਵਾਂਗ ਵੇਖਿਆ ਜਾਣਾ ਸੀ। ਉਸ ਨਾਲ ''ਹਨੇਰ'' ਨਹੀਂ ਕੀਤਾ ਜਾਣਾ ਸੀ (ਲੇਵੀਆਂ 25:43, 46, 53)। ਸ਼ਰ੍ਹਾ ਵਿਚ ਕਦੇ ਵੀ ਕਰਜ਼ਾ ਲਾਹੁਣ ਲਈ ਬੱਚਿਆਂ ਨੂੰ ਵੇਚਣ ਦੇ ਵਿਚਾਰ ਦੀ ਪ੍ਰਵਾਨਗੀ ਦੀ ਗੱਲ ਨਹੀਂ ਹੋਈ (ਭਾਵੇਂ,

ਜਿਵੇਂ ਨਹਮਯਾਹ ਦੇ ਸਮੇਂ ਵਿਚ ਹੋਇਆ, ਇਹ ਹੁੰਦਾ ਸੀ)।[2]

ਸ਼ਰ੍ਹਾ ਦੇ ਮੁਤਾਬਕ ਇਸਰਾਏਲੀ ਸਮਾਜ ਦੇ ਹਰ ਮੈਂਬਰ ਨੂੰ ਆਦਰਸ਼ ਮਾਲੀ ਹਾਲਤ ਦੂਜੇ ਹਰ ਮੈਂਬਰ ਨਾਲ ਇਵੇਂ ਸਲੂਕ ਕਰਨਾ ਸੀ ਜਿਵੇਂ ਉਹ ਸਭ ਇਕ ਵੱਡੇ ਪਰਿਵਾਰ ਦਾ ਹਿੱਸਾ ਹੋਣ। ਖ਼ੁਦਾ ਦਾ ਖ਼ੌਫ਼ ਰੱਖਣ ਵਾਲੇ ਪਰਿਵਾਰ ਵਿਚ ਕਿਸੇ ਨੂੰ ਵੀ ਕਿਸੇ ਦੂਜੇ ਦੀ ਮਜਬੂਰੀ ਦਾ ਫ਼ਾਇਦਾ ਨਹੀਂ ਲੈਣਾ ਚਾਹੀਦਾ। ਹਾਂ ਇਹ ਸੱਚ ਹੈ ਕਿ ਪਰਿਵਾਰ ਦੇ ਸਾਰੇ ਲੋਕਾਂ ਕੋਲ ਚਾਹੇ ਇੱਕੋ ਜਿਹਾ ਸਮਾਨ ਨਾ ਹੋਵੇ, ਪਰ ਪਰਿਵਾਰ ਦੇ ਲੋਕ ਲੋੜ ਪੈਣ ਤੇ ਇਕ ਦੂਜੇ ਦੀ ਮਦਦ ਕਰਨ ਲਈ ਤਿਆਰ ਹੁੰਦੇ ਹਨ। ਇਹਦੇ ਲਈ ਜੇ ਕਿਸੇ ਨੂੰ ਉਧਾਰ ਦੇਣ ਦੀ ਲੋੜ ਹੋਵੇ, ਤਾਂ ਉਧਾਰ ਦੇਣ ਵਾਲਾ ਕਰਜ਼ਾ ਦੇ ਕੇ ਖੁਸ਼ ਹੋਵੇਗਾ ਅਤੇ ਉਧਾਰ ਲੈਣ ਵਾਲਾ ਉਸ ਨੂੰ ਵਾਪਸ ਮੋੜਨ ਦੀ ਆਪਣੀ ਪੂਰੀ ਕੋਸ਼ਿਸ਼ ਕਰੇਗਾ। ਜੇ ਉਹ ਨਹੀਂ ਮੋੜ ਪਾਉਂਦਾ ਤਾਂ ਉਹ ਆਪਣੇ ਭਰਾ ਨੂੰ ਕਰਜ਼ਾ ਮੋੜਨ ਦੇ ਬਦਲੇ ਉਹਦੇ ਲਈ ਕੰਮ ਕਰਨ ਲਈ ਰਾਜ਼ੀ ਹੋ ਜਾਵੇਗਾ। ਇਹ ਬੰਦੋਬਸਤ ਠੀਕ ਅਤੇ ਨਿਆਂਸੰਗਤ ਸਨ; ਪਰ ਬਿਆਜ ਲਾਉਣਾ, ਕਿਸੇ ਦੀ ਜਾਇਦਾਦ ਰੱਖ ਲੈਣਾ, ਜਾਂ ਕਿਸੇ ਕਰਜ਼ਦਾਰ ਨਾਲ ਧੱਕਾ ਕਰਨਾ ਭਾਈਚਾਰੇ ਦੇ ਰਿਸ਼ਤੇ ਦਾ ਉਲੰਘਣ ਹੋਣਾ ਸੀ।

ਨਹਮਯਾਹ ਦੇ ਸਮੇਂ ਵਿਚ ਜੋ ਕੁਝ ਹੋ ਰਿਹਾ ਸੀ ਉਹ ਕਈ ਤਰ੍ਹਾਂ ਨਾਲ ਸ਼ਰ੍ਹਾ ਦਾ ਉਲੰਘਣ ਸੀ। ਉਧਾਰ ਦੇਣ ਵਾਲੇ ਕਰਜ਼ੇ ਉੱਤੇ ਵਿਆਜ ਲਾ ਰਹੇ ਸਨ। ਉਹ ਉਧਾਰ ਲੈਣ ਵਾਲਿਆਂ ਕੋਲੋਂ ਉਹ ਲੈ ਰਹੇ ਸਨ ਜਿਹੜਾ ਉਨ੍ਹਾਂ ਦੇ ਗੁਜ਼ਾਰੇ ਲਈ ਜ਼ਰੂਰੀ ਸੀ। ਅਤੇ ਉਸ ਨੂੰ ਆਪਣੇ ਕੋਲ ਰੱਖ ਰਹੇ ਸਨ। ਜਦ ਉਧਾਰ ਲੈਣ ਵਾਲਿਆਂ ਤੋਂ ਉਨ੍ਹਾਂ ਦਾ ਕਰਜ਼ਾ ਨਾ ਮੋੜ ਹੁੰਦਾ, ਤਾਂ ਸ਼ਾਹੂਕਾਰ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਗੁਲਾਮ ਬਣਾ ਲੈਂਦੇ। ਕੁਝ ਮਾਮਲਿਆਂ ਵਿਚ ਸ਼ਾਹੂਕਾਰ ਇਨ੍ਹਾਂ ਗੁਲਾਮਾਂ ਨੂੰ ਗੈਰਕੌਮਾਂ ਕੋਲ ਵੇਚ ਦਿੰਦੇ (5:8)।[3] ਦੂਜੇ ਸ਼ਬਦਾਂ ਵਿਚ ਧਨਵਾਨ ਯਹੂਦੀ ਆਪਣੇ ਗ਼ਰੀਬ ਭਾਈਆਂ ਨਾਲ ਬਦਸਲੂਕੀ ਕਰ ਰਹੇ ਸਨ ਅਤੇ ਕਰਜ਼ੇ ਸੰਬਧੀ ਖ਼ੁਦਾ ਦੇ ਨਿਯਮਾਂ ਨੂੰ ਤੋੜ ਰਹੇ ਸਨ।

## ਹੱਲ: ਰੀਤਾਂ ਬਦਲਣਾ, ਨਜਾਇਜ਼ ਜੋੜੀ ਗਈ ਕਮਾਈ ਮੋੜਨਾ (5:6-13)

**6ਜਦੋਂ ਮੈਂ ਉਨ੍ਹਾਂ ਦੀ ਦੁਹਾਈ ਨੂੰ ਅਤੇ ਇਨ੍ਹਾਂ ਗੱਲਾਂ ਨੂੰ ਸੁਣਿਆ ਤਦ ਮੈਨੂੰ ਵੱਡਾ ਗੁੱਸਾ ਚੜ੍ਹਿਆ 7ਅਤੇ ਮੈਂ ਆਪਣੇ ਮਨ ਵਿਚ ਸੋਚਿਆ ਅਤੇ ਸ਼ਰੀਫਾਂ ਅਤੇ ਰਈਸਾਂ ਨਾਲ ਝਗੜਾ ਕੀਤਾ ਅਤੇ ਉਨ੍ਹਾਂ ਨੂੰ ਆਖਿਆ, ਤੁਹਾਡੇ ਵਿੱਚੋਂ ਹਰ ਇਕ ਮਨੁੱਖ ਆਪਣੇ ਭਰਾ ਕੋਲੋਂ ਬਿਆਜ ਲੈਂਦਾ ਹੈ ਤਾਂ ਮੈਂ ਉਨ੍ਹਾਂ ਦੇ ਵਿਰੁੱਧ ਇਕ ਵੱਡੀ ਸਭਾ ਇਕੱਠੀ ਕੀਤੀ 8ਅਤੇ ਮੈਂ ਉਨ੍ਹਾਂ ਨੂੰ ਆਖਿਆ ਕਿ ਅਸੀਂ ਆਪਣੇ ਵਿਤ ਅਨੁਸਾਰ ਆਪਣੇ ਯਹੂਦੀ ਭਰਾਵਾਂ ਨੂੰ ਜਿਹੜੇ ਗੈਰ ਕੌਮਾਂ ਦੇ ਹੱਥ ਵਿਚ ਗਏ ਸਨ ਛੁਡਾਇਆ। ਕੀ ਤੁਸੀਂ ਆਪਣੇ ਭਰਾਵਾਂ ਨੂੰ ਵੇਚ ਦਿਓਗੇ? ਕੀ ਓਹ ਫੇਰ ਸਾਡੇ ਕੋਲ ਵਿਕ ਜਾਣਗੇ? ਤਦ ਓਹ ਚੁੱਪ ਹੋ ਗਏ ਅਤੇ ਕੋਈ ਗੱਲ ਨਾ ਆਖੀ 9ਫੇਰ ਮੈਂ ਆਖਿਆ, ਜੋ ਤੁਸੀਂ ਕਰਦੇ ਹੋ ਇਹ ਚੰਗੀ ਗੱਲ ਨਹੀਂ। ਕੀ ਤੁਹਾਨੂੰ ਦੁਸ਼ਮਨ ਕੌਮਾਂ ਦੇ ਕੁਫ਼ਰ ਦੇ ਕਾਰਣ ਆਪਣੇ ਪਰਮੇਸ਼ੁਰ ਦੇ ਭੈ ਵਿਚ ਨਹੀਂ ਚਲਣਾ ਚਾਹੀਦਾ? 10ਨਾਲੇ ਮੈਂ ਅਤੇ ਮੇਰੇ ਭਰਾ ਅਤੇ ਮੇਰੇ ਜੁਆਨ ਉਨ੍ਹਾਂ ਨੂੰ ਚਾਂਦੀ ਅਤੇ ਅੰਨ ਉਧਾਰ ਦੇ ਰਹੇ ਹਾਂ। ਅਸੀਂ ਇਹ ਬਿਆਜ਼ ਛੱਡ ਦੇਈਏ ! 11ਕਿਰਪਾ ਕਰ ਕੇ ਅੱਜ ਹੀ ਉਨ੍ਹਾਂ ਦੇ ਖੇਤ ਅਤੇ ਉਨ੍ਹਾਂ ਦੇ ਅੰਗੂਰੀ ਬਾਗ ਅਤੇ ਉਨ੍ਹਾਂ ਦੇ ਜ਼ੈਤੂਨ ਦੇ ਬਾਗ ਅਤੇ ਉਨ੍ਹਾਂ ਦੇ ਘਰ ਨਾਲੇ ਚਾਂਦੀ ਦਾ ਅਰ ਅੰਨ ਦਾ ਅਰ ਨਵੀਂ ਮੈ ਦਾ ਅਤੇ ਤੇਲ ਦਾ ਸੌਵਾਂ ਹਿੱਸਾ ਜਿਹੜਾ ਤੁਸਾਂ ਉਨ੍ਹਾਂ ਤੋਂ ਹਿੱਕ ਦੇ ਧੱਕੇ ਨਾਲ ਲਿਆ ਹੈ ਉਨ੍ਹਾਂ ਨੂੰ ਮੋੜ ਦਿਓ 12ਤਦ ਉਨ੍ਹਾਂ ਨੇ ਆਖਿਆ, ਅਸੀਂ ਮੋੜ ਦਿਆਂਗੇ ਅਤੇ ਉਨ੍ਹਾਂ ਕੋਲੋਂ ਕੁਛ ਨਹੀਂ ਲਵਾਂਗੇ, ਅਸੀਂ ਓਦਾਂ ਹੀ ਕਰਾਂਗੇ ਜਿਵੇਂ ਤੁਸਾਂ ਆਖਿਆ ਹੈ। ਤਦ ਮੈਂ ਜਾਜਕਾਂ ਨੂੰ ਸੱਦਿਆ ਅਤੇ ਉਨ੍ਹਾਂ ਨੂੰ ਸਹੁੰ ਖੁਆਈ ਭਈ ਓਹ ਇਸ ਵਾਇਦੇ ਦੇ ਅਨੁਸਾਰ ਕਰਨ 13ਨਾਲੇ ਮੈਂ ਆਪਣੇ ਪੱਲੇ ਝਾੜੇ ਅਤੇ ਆਖਿਆ, ਪਰਮੇਸ਼ੁਰ ਇਵੇਂ ਹੀ ਹਰ ਇਕ ਮਨੁੱਖ ਨੂੰ ਉਸ ਦੇ ਘਰ ਤੋਂ ਅਤੇ ਉਸ ਦੀ ਕਮਾਈ ਤੋਂ ਝਾੜ ਦੇਵੇ ਜਿਹੜਾ ਇਸ ਵਾਇਦੇ ਉੱਤੇ ਕਾਇਮ**

**ਨਾ ਰਹੇ ਉਹ ਇਵੇਂ ਹੀ ਝਾੜਿਆ ਜਾਵੇ ਅਤੇ ਸੱਖਣਾ ਕੀਤਾ ਜਾਵੇ ! ਤਾਂ ਸਾਰੀ ਸਭਾ ਨੇ ਆਖਿਆ, ਆਮੀਨ ! ਅਤੇ ਯਹੋਵਾਹ ਦੀ ਉਸਤਤ ਕੀਤੀ। ਅਤੇ ਲੋਕਾਂ ਨੇ ਇਸ ਵਾਇਦੇ ਦੇ ਅਨੁਸਾਰ ਕੰਮ ਕੀਤਾ।**

**ਆਇਤ 6.** ਇਸ ਖ਼ਬਰ ਤੇ ਕਿ ਉਸ ਦੇ ਕੁਝ ਭਰਾ ਨਜਾਇਜ਼ ਤਰੀਕੇ ਨਾਲ ਦੂਜਿਆਂ ਨਾਲ ਜ਼ਬਰਦਸਤੀ ਕਰ ਰਹੇ ਸਨ, ਨਹਮਯਾਹ ਦੀ ਫੌਰੀ ਪ੍ਰਤੀਕਿਰਿਆ ਇਹ ਸੀ ਕਿ ਉਹਨੂੰ ਗੁੱਸਾ ਆ ਗਿਆ। ਅਸਲ ਵਿਚ ਉਹਨੂੰ **ਵੱਡਾ ਗੁੱਸਾ** ਆਇਆ। ਨਹਮਯਾਹ ਖ਼ੁਦਾ ਨੂੰ ਅਤੇ ਉਸ ਦੀ ਸ਼ਰ੍ਹਾ ਨੂੰ ਪਿਆਰ ਕਰਦਾ ਸੀ ਅਤੇ ਇਹ ਵੇਖ ਕੇ ਕਿ ਸ਼ਰ੍ਹਾ ਨੂੰ ਖ਼ੁਦਾ ਦੇ ਲੋਕਾਂ ਵੱਲੋਂ ਤੋੜਿਆ ਜਾ ਰਿਹਾ ਹੈ, ਉਹ ਬੜਾ ਨਰਾਜ਼ ਹੋਇਆ। ਇਸ ਤੋਂ ਇਲਾਵਾ ਨਹਮਯਾਹ ਆਪਣੇ ਸਾਥੀ ਯਹੂਦੀਆਂ ਨੂੰ ਪਿਆਰ ਕਰਦਾ ਸੀ ਅਤੇ ਉਸ ਨੂੰ ਗ਼ਰੀਬਾਂ ਦਾ ਅਮੀਰਾਂ ਵੱਲੋਂ ਦਮਨ ਕੀਤੇ ਜਾਣ ਨੂੰ ਵੇਖ ਕੇ ਗੁੱਸਾ ਆ ਗਿਆ।

**ਆਇਤ 7.** ਇਕ ਪ੍ਰਭਾਵਸ਼ਾਲੀ ਲੀਡਰ ਦੇ ਰੂਪ ਵਿਚ ਨਹਮਯਾਹ ਨੇ ਇਸ ਮੁਸ਼ਕਿਲ ਤਕ ਪਹੁੰਚ ਕੇ ਇਕ ਇਕ ਕਰਕੇ ਇਸ ਦਾ ਹੱਲ ਕੀਤਾ।

ਨਹਮਯਾਹ ਨੇ ਹਾਲਾਤ ਦਾ ਵਿਸ਼ਲੇਸ਼ਣ ਕੀਤਾ। ਉਸ ਨੂੰ ਗੁੱਸਾ ਆਇਆ ਪਰ ਉਸ ਨੇ ਉਸ ਜਜ਼ਬਾਤ ਨੂੰ ਇਕ ਦਮ ਨਹੀਂ ਵਿਖਾ ਦਿੱਤਾ। ਬਲਕਿ ਉਸ ਨੇ ਆਖਿਆ, **ਮੈਂ ਆਪਣੇ ਮਨ ਵਿਚ ਸੋਚਿਆ।** NIV ਵਿਚ ਕਿਹਾ ਗਿਆ ਹੈ, ''ਮੈਂ ਆਪਣੇ ਮਨ ਵਿਚ *[ਇਨ੍ਹਾਂ ਇਲਜ਼ਾਮਾ ਉੱਤੇ]* ਵਿਚਾਰ ਕੀਤਾ।'' ਨਹਮਯਾਹ ਇਕ ਜਜ਼ਬਾਤੀ ਆਦਮੀ ਸੀ ਪਰ ਉਹ ਬਿਨਾਂ ਸੋਚੇ ਕੰਮ ਕਰਨ ਵਾਲਾ ਆਦਮੀ ਨਹੀਂ ਸੀ, ਭਾਵੇਂ ਉਸ ਨੂੰ ਗੁੱਸਾ ਕਿੰਨਾਂ ਵੀ ਕਿਉਂ ਨਾ ਆਇਆ ਹੋਵੇ।

ਨਹਮਯਾਹ ਦਾ ਅਗਲਾ ਕਦਮ ਸਾਹਮਣਾ ਕਰਨਾ ਸੀ। ਉਹ ਕਸੂਰਵਾਰਾਂ ਨੂੰ ਨਿੱਜੀ ਤੌਰ ਤੇ ਮਿਲਿਆ। ਉਸ ਨੇ **ਸ਼ਰੀਫਾਂ ਅਤੇ ਰਈਸਾਂ ਨਾਲ ਝਗੜਾ ਕੀਤਾ,** ਆਪਣੇ ਯਹੂਦੀ **ਭਰਾ** (ਵਾਂ) ਤੋਂ **ਬਿਆਜ** ਲੈਣ ਲਈ ਉਨ੍ਹਾਂ ਨੂੰ ਡਾਂਟ ਲਗਾਈ। ''ਝਗੜਾ ਕੀਤਾ'' ਇਬਰਾਨੀ ਸ਼ਬਦ (*rib*, *ਰਿਬ*) ਦੇ ਇਕ ਰੂਪ ਦਾ ਅਨੁਵਾਦ ਹੈ ਜਿਸ ਨੂੰ ਆਮ ਤੌਰ ਤੇ ਕਾਨੂੰਨੀ ਸ਼ਬਦ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ESV ਵਿਚ ਇਸ ਨੂੰ ਇੱਥੇ ਇਹ ਆਖ ਕੇ ਜਤਾਇਆ ਗਿਆ ਹੈ ਕਿ ''ਉਨ੍ਹਾਂ ਉਸ ਉੱਤੇ ਇਲਜ਼ਾਮ ਲਾਏ।'' ਸਾਫ਼ ਹੈ ਕਿ ਇਸ ਝਗੜੇ ਵਿਚ ਕਸੂਰਵਾਰ ਉੱਚ ਵਰਗ ਭਾਵ ਯਹੂਦਾਹ ਦੇ ਅਮੀਰ ਲੋਕ ਸਨ।

NASB ਵਿਚ ਅਨੁਵਾਦ ਹੋਏ ਸ਼ਬਦ ''ਸੂਦ'' ਦੇ ਅਰਥ ਤੇ ਸਵਾਲ ਉਠਾਇਆ ਗਿਆ ਹੈ। ਇੱਥੇ ਅਤੇ 5:10 ਵਿਚ ਇਸ ਤਰ੍ਹਾ ਵਰਤਿਆ ਗਿਆ ਇਬਰਾਨੀ ਸ਼ਬਦ (*mashsha'*, *ਮਾੱਸ਼ਾ*) ''ਬਿਆਜ'' (***nehshek***, *ਨੇਸ਼ਕ*, ਬਿਵਸਥਾ ਸਾਰ 23:19 ਵਾਂਗ) ਆਮ ਸ਼ਬਦ ਨਹੀਂ ਹੈ। ਡੇਰੇਕ ਕਿਡਨਰ ਨੇ ਇਸ ਦਾ ਅਰਥ ''ਉਧਾਰ ਦੇਣਾ'' ਜਾਂ ''ਕਰਜ਼ਾ''[4] ਦੱਸਿਆ ਹੈ। ਜਦਕਿ ਐਡਵਿਨ ਐੱਮ. ਯਾਮੋਚੀ ਨੇ ਕਿਹਾ ਹੈ ਕਿ ਇਸ ਦਾ ਅਰਥ ''ਕਰਜ਼ੇ ਦੀ ਅਦਾਇਗੀ ਲਈ ਭਾਰ ਪਾਉਣਾ ਜਾਂ ਦਾਅਵਾ ਕਰਨਾ'' ਹੈ।[5] ਲੈਸਲੀ ਸੀ. ਐਲਨ ਦਾ ਮੰਨਣਾ ਸੀ ਕਿ ਇਬਰਾਨੀ ਕਿਰਿਆ ਸ਼ਬਦ ਦਾ ਬੁਨਿਆਦੀ ਅਰਥ ਗਿਰਵੀ ਰੱਖੀਆਂ ਚੀਜ਼ਾਂ ਦੇ ਬਦਲੇ ਕਰਜ਼ਾ ਦੇਣਾ ਸੀ।[6] ਅਨੁਵਾਦਾਂ ਵਿਚ ਵੀ ਫ਼ਰਕ ਹੈ: ''ਤੁਸੀਂ ਕਰਜ਼ੇ ਦੀ ਜ਼ਾਮਨੀ ਦੇ ਰੂਪ ਵਿਚ ਆਪਣੇ ਸਾਥੀ ਯਹੂਦੀਆਂ ਨੂੰ ਰੱਖ ਰਹੇ ਹੋ'' (REB); ''ਤੁਹਾਡੇ ਵਿੱਚੋਂ ਹਰੇਕ ਆਪਣੇ ਭਰਾ ਉੱਤੇ ਭਾਰ ਪਾ ਰਿਹਾ ਹੈ'' (NJB)। ਇਹ ਸੰਭਾਵਨਾ ਵਧੇਰੇ ਲਗਦੀ ਹੈ ਕਿ ਇਸ ਸ਼ਬਦ ਦਾ ਅਰਥ ''ਵਿਆਜ ਲੈਣਾ'' ਹੈ, ਜਿਵੇਂ ਕਿ NRSV ਦਾ ਅਨੁਵਾਦ ਹੈ। ਇਹ ਦੋ ਕਾਰਣਾਂ ਕਰਕੇ ਸਹੀ ਹੈ: (1) ਸ਼ਰ੍ਹਾ ਵੱਲੋਂ ਗਿਰਵੀ ਰੱਖਣ ਦੀ ਇਜਾਜ਼ਤ (ਭਾਵੇਂ ਪੱਕੇ ਤੌਰ ਤੇ ਰੱਖਣ ਦੀ ਨਹੀਂ) ਅਤੇ (2) 1 ਫ਼ੀਸਦੀ ਮੋੜਨ ਦੀ ਗੱਲ (5:11) ਸਹੀ ਲਗਦੀ ਹੈ ਜੇ ਇਹ ਬਿਆਜ ਮੋੜਨ ਦੀ ਗੱਲ ਹੈ ਜਿਹੜਾ ਰਈਸਾਂ ਨੇ ਲਿਆ ਸੀ। ਇਹ ਪੱਕਾ ਨਹੀਂ ਲਗਦਾ ਕਿ ''ਸੂਦ'' (NASB; KJV) ਇਸ ਆਇਤ ਵਿਚ ਮਿਲਣ ਵਾਲੇ ਸ਼ਬਦ ਦਾ ਸਭ ਤੋਂ ਵਧੀਆ ਅਨੁਵਾਦ ਹੈ। ''ਸੂਦ'' ਜੋ ਕਿ ਇਕ ਪ੍ਰਾਚੀਨ ਸ਼ਬਦ ਹੈ, ਕਰਜ਼ੇ ਉੱਤੇ, ਬਹੁਤ ਜ਼ਿਆਦਾ, ਬਲਕਿ ਬਹੁਤ ਨਜਾਇਜ਼ ਵਿਆਜ ਲਾਉਣਾ ਹੈ।[7]

ਨਹਮਯਾਹ ਨੇ ਸਭ ਤੋਂ ਪਹਿਲਾਂ ਦੋਸ਼ੀ ਧਿਰਾਂ ਨਾਲ ਨਿੱਜੀ ਤੌਰ ਤੇ ਗੱਲ ਕੀਤੀ, ਪਰ ਜ਼ਾਹਿਰ ਤੌਰ ਤੇ ਉਸ ਨੂੰ ਉਮੀਦ ਦੇ ਮੁਤਾਬਕ ਨਤੀਜੇ ਨਹੀਂ ਮਿਲੇ। ਅਖ਼ੀਰ, ਉਹ ਆਮ ਲੋਕਾਂ ਨੂੰ ਸਮਝਾਉਣ ਲਈ ਗਿਆ। ਅਗਲਾ ਕਦਮ ਲੈਂਦਿਆਂ, ਨਹਮਯਾਹ ਨੇ ਆਮ ਸਭਾ ਬੁਲਾਈ। ਇਸ ਪਿਛੋਕੜ ਵਿਚ ਉਸਨੇ ਕਸੂਰਵਾਰਾਂ ਨੂੰ ਆਪਣਾ ਰੱਵਈਆ ਬਦਲਣ ਲਈ ਮਨਾਉਣ ਵਾਸਤੇ ਤਰਕਸੰਗਤ ਅਪੀਲਾਂ ਦੀ ਵਰਤੋਂ ਕੀਤੀ। ਅਜਿਹੀ **ਸਭਾ** ਵਿਚ ਉਹ ਹਰ ਕਿਸੇ ਨੂੰ ਸਮਝਾ ਸਕਦਾ ਸੀ ਕਿ ਇਸ ਹਾਲਾਤ ਵਿਚ ਖ਼ੁਦਾ ਕੀ ਚਾਹੁੰਦਾ ਹੈ ਅਤੇ ਉਹ ਅਪਰਾਧੀਆਂ ਨੂੰ ਆਪਣੇ ਤਰੀਕੇ ਬਦਲਣ ਲਈ ਪ੍ਰੇਰਣਾ ਦੇਣ ਲਈ ਬਰਾਬਰ ਦਬਾਅ ਪਾ ਸਕਦਾ ਸੀ।

**ਆਇਤ 8.** ਨਹਮਯਾਹ ਨੇ ਦੋਸ਼ੀਆਂ ਨੂੰ ਕਾਇਲ ਕਰਨ ਵਾਸਤੇ, ਕਈ ਦਲੀਲਾਂ ਵਰਤੀਆਂ। ਉਸ ਨੇ ਸਮਝਾਇਆ ਕਿ ਉਧਾਰ ਦੇਣ ਵਾਲਿਆਂ ਲਈ (ਆਪਣੇ) ਯਹੂਦੀ **ਭਰਾਵਾਂ** ਨੂੰ **ਗੈਰ ਕੌਮਾਂ** ਅੱਗੇ ਵੇਚਣਾ ਸਹੀ ਨਹੀਂ ਸੀ। ਇਸ ਵਚਨ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਸ ਨੇ ਜਾਂ ਦੂਜੇ ਲੋਕਾਂ ਨੇ ਗੈਰਕੌਮਾਂ ਅੱਗੇ ਵੇਚ ਦਿੱਤੇ ਗਏ ਯਹੂਦੀਆਂ ਨੂੰ **ਛੁਡਾਇਆ** ਜਾਂ ਵਾਪਸ ਲਿਆਂਦਾ, ਅਤੇ ਸ਼ਾਇਦ ਅਜ਼ਾਦ ਕਰਵਾਇਆ। ਹੁਣ ਇਹ ''ਸ਼ਰੀਫ਼'' ਅਤੇ ''ਰਈਸ'' (5:7) ਗ਼ਰੀਬ ਯਹੂਦੀਆਂ ਨੂੰ ਗੁਲਾਮਾਂ ਦੀ ਮੰਡੀ ਵਿਚ ਵੇਚ ਰਹੇ ਸਨ, ਜੋ ਕਿ ਅਜਿਹਾ ਤਰੀਕਾ ਸੀ ਜਿਸ ਦੀ ਸ਼ਰ੍ਹਾ ਵੱਲੋਂ ਸਾਫ਼ ਮਨਾਹੀ ਕੀਤੀ ਗਈ ਸੀ (ਲੇਵੀਆਂ 25:42)।

ਨਹਮਯਾਹ ਅਤੇ ਉਸ ਦੇ ਦੋਸਤਾਂ ਵੱਲੋਂ ਯਹੂਦੀ ਗੁਲਾਮਾਂ ਨੂੰ ਛੁਡਾਉਣ ਜਾਂ ਵਾਪਸ ਖਰੀਦਣ ਦੀ ਗੱਲ ਦਾ ਵਾਧੂ ਮਤਲਬ ਹੋ ਸਕਦਾ ਹੈ। ਇਹ ਯਹੂਦੀਆਂ ਨੂੰ ਇਹ ਯਾਦ ਕਰਵਾਉਣ ਲਈ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਸਤਾਉਣ ਵਾਲਿਆਂ ਤੋਂ ਦੋ ਵਾਰੀ ਛੁਡਾਇਆ ਗਿਆ ਸੀ। ਇਕ ਵਾਰ ਉਦੋਂ ਜਦੋਂ ਉਨ੍ਹਾਂ ਨੂੰ ਮਿਸਰ ਵਿੱਚੋਂ ਕੱਢਿਆ ਗਿਆ ਅਤੇ ਦੂਜੀ ਵਾਰ ਉਦੋਂ ਜਦੋਂ ਉਨ੍ਹਾਂ ਨੂੰ ਬਾਬਲ ਦੀ ਅਸੀਰੀ ਤੋਂ ਛੁਡਾਇਆ ਗਿਆ। ਸ਼ਾਇਦ ਸੁਣਨ ਵਾਲਿਆਂ ਨੇ ਆਪਣੇ ਆਪ ਨੂੰ ਇਹ ਪੁੱਛਣਾ ਸੀ, ''ਮੇਰੇ ਲਈ, ਜਿਸ ਨੂੰ ਕੌਮਾਂ ਤੋਂ ਛੁਡਾਇਆ ਗਿਆ ਸੀ, ਭਲਾ ਆਪਣੇ ਭਰਾਵਾਂ ਨੂੰ ਕੌਮਾਂ ਦੇ ਅੱਗੇ ਅਸੀਰੀ ਵਿਚ ਵੇਚਣਾ ਸਹੀ ਹੈ?''

ਵਚਨ ਤੋਂ ਇਉਂ ਲਗਦਾ ਹੈ ਜਿਵੇਂ ਇਸ ਅਪਰਾਧ ਦਾ ਇਲਜ਼ਾਮ ਲੱਗੇ ਲੋਕ ਉਸ ਸਭਾ ਵਿਚ ਅੱਗੇ ਬੈਠੇ ਸਨ, ਜਿਸ ਵਿਚ ਨਹਮਯਾਹ ਬੋਲ ਰਿਹਾ ਸੀ। ਇੱਥੇ ਉਹ ਰੁਕਿਆ ਹੋਵੇਗਾ ਅਤੇ ਉੱਥੇ ਉਸ ਨੇ ਉਨ੍ਹਾਂ ਨੂੰ ਆਪਣੇ ਇਲਜ਼ਾਮ ਦਾ ਜਵਾਬ ਦੇਣ ਦਾ ਮੌਕਾ ਦਿੱਤਾ ਹੋਵੇਗਾ, ਪਰ ਉਨ੍ਹਾਂ ਕੋਲ ਨਾ ਤਾਂ ਕੋਈ ਜਵਾਬ ਅਤੇ ਨਾ ਹੀ ਬਹਾਨਾ ਸੀ। **ਓਹ ਚੁੱਪ ਹੋ ਗਏ ਅਤੇ ਕੋਈ ਗੱਲ ਨਾ ਆਖੀ।**

**ਆਇਤ 9.** ਨਾਲੇ ਨਹਮਯਾਹ ਨੇ **ਪਰਮੇਸ਼ੁਰ ਦੇ ਭੈਅ** ਵੱਲ ਵੀ ਧਿਆਨ ਦੁਆਇਆ। ਇਸ ਭੈਅ ਨਾਲ ਖ਼ੁਦਾ ਦੇ ਲੋਕਾਂ ਨੂੰ ਆਪਣੇ ਭਰਾਵਾਂ ਨਾਲ ਬਦਸਲੂਕੀ ਕਰਨ ਤੋਂ ਰੁਕਣਾ ਚਾਹੀਦਾ ਸੀ; ਇਸ ਨਾਲ ਉਨ੍ਹਾਂ ਨੂੰ ਉਸ ਸ਼ਰ੍ਹਾ ਦੀ ਇੱਜ਼ਤ ਕਰਨੀ ਚਾਹੀਦੀ ਸੀ ਜਿਹੜੀ ਅਜਿਹੀਆਂ ਰੀਤਾਂ ਦੀ ਮਨਾਹੀ ਕਰਦੀ ਸੀ ਜਿਨ੍ਹਾਂ ਵਿਚ ਉਹ ਲੱਗੇ ਹੋਏ ਸਨ। ਖ਼ੁਦਾ ਅਤੇ ਆਪਣੇ ਸਾਥੀ ਯਹੂਦੀਆਂ ਦੇ ਪ੍ਰਤੀ ਵਫ਼ਾਦਾਰੀ ਨਾਲ ਉਨ੍ਹਾਂ ਨੂੰ ਖ਼ੁਦਾ ਦੇ ਲੋਕਾਂ ਨੂੰ **ਕੌਮਾਂ ਦੇ ਕੁਫ਼ਰ** ਬਣਨ ਤੋਂ ਰੋਕਣਾ ਚਾਹੀਦਾ ਸੀ। **ਦੁਸ਼ਮਣ** ਜਿਹੜੇ ਕੰਧ ਦੇ ਬਣਾਏ ਜਾਣ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਸਨ, ਯਹੂਦੀਆਂ ਦੇ ਇਕ ਦੂਜੇ ਨਾਲ ਬਦਸਲੂਕੀ ਕਰਨ ਅਤੇ ਆਪੋ ਵਿਚ ਲੜਨ ਤੇ ਉਨ੍ਹਾਂ ਦਾ ਮਜ਼ਾਕ ਬਣਾਉਂਦੇ ਹੋਣਗੇ। ਉਹ ਆਖਦੇ ਹੋਣਗੇ, ''ਜੇ ਉਹ ਇਕ ਦੂਜੇ ਨਾਲ ਰਲ਼ ਕੇ ਨਹੀਂ ਚੱਲ ਸਕਦੇ, ਤਾਂ ਉਹ ਕੰਧ ਨੂੰ ਬਣਾਉਣ ਲਈ ਮਿਲ ਕੇ ਕੰਮ ਕਰਨ ਦੀ ਉਮੀਦ ਕਿਵੇਂ ਕਰ ਸਕਦੇ ਸਨ?''

**ਆਇਤ 10.** ਨਹਮਯਾਹ ਵੱਲੋਂ ਉਧਾਰ ਦੇਣ ਵਾਲਿਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਨ ਤੇ ਕਿ ਕੀ ਕਰਨਾ ਸਹੀ ਹੈ, ਉਸ ਨੇ ਆਪਣੇ ਆਪ ਨੂੰ ਅਤੇ ਆਪਣੇ ਸਾਥੀਆਂ ਨੂੰ ਨਮੂਨੇ ਦੇ ਤੌਰ ਤੇ ਪੇਸ਼ ਕੀਤਾ। ਉਸ ਨੇ ਆਪਣੇ **ਭਰਾਵਾਂ** ਅਤੇ **ਜਵਾਨਾਂ** ਦੀ ਗੱਲ ਕੀਤੀ। ਉਸ ਦੇ ''ਭਰਾ'' ਸੰਭਵ ਤੌਰ

ਤੇ ਉਸ ਦੇ ਖੂਨੀ ਰਿਸ਼ਤੇਦਾਰ ਸਨ (ਵੇਖੋ 1:2), ਅਤੇ ਉਸਦੇ ਜਵਾਨ ਉਸਦੇ ਪ੍ਰਸ਼ਾਸਨ ਹੇਠ ਉਸਦੇ ਤਹਿਤ ਕੰਮ ਕਰਨ ਵਾਲੇ ਅਧਿਕਾਰੀ ਹੋ ਸਕਦੇ ਹਨ। ਉਸ ਦੇ ਕਹਿਣ ਦਾ ਮਤਲਬ ਸੀ ਕਿ ਉਹ ਲੋੜਵੰਦਾਂ ਨੂੰ ਬਿਨਾਂ ਵਿਆਜ ਲਏ **ਚਾਂਦੀ ਅਤੇ ਅੰਨ ਉਧਾਰ ਦੇ ਰਹੇ** ਸਨ। ਜੇ ਉਹ, ਇਵੇਂ ਕਰ ਸਕਦੇ ਸਨ, ਤਾਂ ਦੂਜੇ ਵੀ ਕਰ ਸਕਦੇ ਸਨ ਬਲਕਿ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ।

ਬਦਲਾਅ ਲਈ ਅਪੀਲ ਨਹਮਯਾਹ ਦੇ ਅਪਰਾਧੀਆਂ ਦੇ ਖ਼ਿਲਾਫ਼ ਮਾਮਲੇ ਨਾਲ ਖ਼ਤਮ ਹੋਈ। ਉਸ ਨੇ ਆਖਿਆ, **ਅਸੀਂ ਇਹ ਬਿਆਜ ਛੱਡ ਦੇਈਏ !** ਕਈ ਟੀਕਾਕਾਰਾਂ ਦਾ ਇਹ ਮੰਨਣਾ ਹੈ ਕਿ ਨਹਮਯਾਹ ਇਹ ਇਕਰਾਰ ਕਰ ਰਿਹਾ ਸੀ ਕਿ ਉਹ ਅਤੇ ਉਸ ਦੇ ਸਾਥੀ ਵੀ ਉਨ੍ਹਾਂ ਹੀ ਗੱਲਾਂ ਦੇ ਦੋਸ਼ੀ ਹਨ ਜਿਹੜੀਆਂ ''ਸ਼ਰੀਫ਼'' ਅਤੇ ''ਰਈਸ'' ਲੋਕ ਕਰ ਰਹੇ ਸਨ। ਇਹ ਵਿਆਖਿਆ ਸੰਭਵ ਨਹੀਂ ਲਗਦੀ, ਕਿਉਂ ਜੋ ਜੇ ਨਹਮਯਾਹ ਉਹੀ ਗੱਲ ਕਰ ਰਿਹਾ ਹੁੰਦਾ ਤਾਂ ਉਨ੍ਹਾਂ ਦੇ ਸਲੂਕ ਨਾਲ ਉਹ ਨੂੰ ''ਵੱਡਾ ਗੁੱਸਾ'' ਨਹੀਂ ਆਉਣਾ ਸੀ (5:6)। ਨਾਲੇ ਉਹਦੇ ਵੱਲੋਂ ਉੱਤਮ ਪੁਰਖ ਦੀ ਵਰਤੋਂ (''*ਅਸੀਂ* ਇਹ ਵਿਆਜ ਛੱਡ ਦਈਏ'') ਇਹ ਸਾਬਿਤ ਨਹੀਂ ਕਰਦੀ ਕਿ ਉਹ ਉਨ੍ਹਾਂ ਹੀ ਪਾਪਾਂ ਦਾ ਦੋਸ਼ੀ ਸੀ ਜਿਨ੍ਹਾਂ ਨੂੰ ਉਹ ਗਲਤ ਆ ਰਿਹਾ ਸੀ। ਇਸ ਦੇ ਉਲਟ ਉਸਨੇ ਆਪਣੇ ਅਤੇ ਆਪਣੇ ਸੁਣਨ ਵਾਲਿਆਂ ਨੂੰ ਵਿੱਚੇ ਰਲਾਉਂਦੇ ਹੋਏ ਉੱਤਮ ਪੁਰਖ ਦੀ ਵਰਤੋਂ ਅਲੰਕਾਰਿਕ ਅੰਦਾਜ਼ ਵਿਚ ਕੀਤੀ ਜਿਸ ਨਾਲ ਉਹ ਉਸ ਦੀ ਬੇਨਤੀ ਨੂੰ ਮੰਨਣ ਲਈ ਬੇਹਤਰ ਢੰਗ ਨਾਲ ਸਮਝਾ ਸਕਿਆ। ਉਨ੍ਹਾਂ ਲਈ ਜਿਨ੍ਹਾਂ ਨੂੰ ਬੁੱਤਪ੍ਰਸਤ ਪਤਨੀਆਂ ਨੂੰ ਛੱਡ ਦੇਣ ਦੀ ਲੋੜ ਸੀ, ਆਪਣੀ ਅਪੀਲ ਕਰਦਿਆਂ ਅਜ਼ਰਾ ਨੇ ਇਹੀ ਤਰੀਕਾ ਵਰਤਿਆ ਸੀ (ਅਜ਼ਰਾ 9:6)।[8] ਗਲਤੀ ਕਰਨ ਵਾਲਿਆਂ ਦੇ ਵਿਰੁੱਧ ਨਹਮਯਾਹ ਦੇ ਸ਼ਬਦ ਭਾਵੇਂ ਸ਼ਖ਼ਤ ਸਨ, ਪਰ ਉਸ ਨੇ ਸਜ਼ਾ ਦੇਣ ਦੀ ਬਜਾਇ ਬੇਨਤੀ ਨਾਲ ਆਪਣੀ ਪੇਸ਼ਕਸ਼ ਖ਼ਤਮ ਕੀਤੀ। ਉਹਦਾ ਟੀਚਾ ਸਜ਼ਾ ਦੇਣਾ ਨਹੀਂ ਸੀ ਬਲਕਿ ਸਮਝਾਉਣਾ ਸੀ।

**ਆਇਤ 11.** ਸ਼ਰ੍ਹਾ ਦਾ ਉਲੰਘਣ ਕਰਨ ਵਾਲਿਆਂ ਨੂੰ ਆਪਣੇ ਗਲਤ ਢੰਗ ਛੱਡ ਦੇਣ ਲਈ ਆਖਣ ਦੀ ਬਜਾਇ, ਨਹਮਯਾਹ ਨੇ ਵਾਪਸੀ ਦੀ ਇਕ ਯੋਜਨਾ ਸੁਝਾਈ। ਉਸ ਨੇ ਆਖਿਆ ਕਿ ਗਲਤੀ ਕਰਨ ਵਾਲੇ, ਜੋ ਕੁਝ ਉਨ੍ਹਾਂ ਨੇ ਲਿਆ ਸੀ, ਉਨ੍ਹਾਂ ਨੂੰ ਮੋੜ ਦੇਣ। ਉਸ ਨੇ ਉਨ੍ਹਾਂ ਨੂੰ ਸਾਰੇ **ਖੇਤ**, **ਅੰਗੂਰੀ ਬਾਗ**, **ਜ਼ੈਤੂਨ ਦੇ ਬਾਗ**, ਅਤੇ **ਘਰ** ਜਿਹੜੇ ਉਨ੍ਹਾਂ ਲਏ ਸਨ, **ਮੋੜ** ਦੇਣ ਲਈ ਆਖਿਆ। ਨਾਲੇ ਉਨ੍ਹਾਂ ਨੇ ਉਨ੍ਹਾਂ ਵੱਲੋਂ ਲਿਆ ਗਿਆ **ਚਾਂਦੀ ਦਾ ਸੌਵਾਂ ਹਿੱਸਾ** ਮੋੜਨਾ ਸੀ। ਜੋ ਸ਼ਾਇਦ 1 ਫ਼ੀਸਦੀ ਪ੍ਰਤੀ ਮਹੀਨਾ ਸੀ। 12 ਫ਼ੀਸਦੀ ਸਲਾਨਾ ਦਰ ਤੇ ''ਇਸ ਕਾਲ ਦੇ ਫ਼ਾਰਸੀਆਂ ਵਿਚ ਘੱਟੋ-ਘੱਟ 20 ਫ਼ੀਸਦੀ ਸਲਾਨਾ ਦਰ ਨਾਲੋਂ ਹੁਣ ਘੱਟ ਹੋਣਾ ਸੀ।''[9] ਉਨ੍ਹਾਂ ਨੇ **ਅੰਨ**, **ਨਵੀਂ ਮੈ ਅਤੇ ਤੇਲ** ਜਿਹੜਾ ਉਨ੍ਹਾਂ ਨੇ **ਉਨ੍ਹਾਂ ਤੋਂ ਹਿੱਕ ਦੇ ਧੱਕੇ ਨਾਲ ਲਿਆ** ਸੀ, ਵੀ ਮੋੜ ਦੇਣਾ ਸੀ।

**ਆਇਤ 12.** ਬੇਸ਼ੱਕ ਨਹਮਯਾਹ ਦੇ ਬੋਲਣ ਦਾ ਨਤੀਜਾ, ਉਮੀਦ ਦੇ ਮੁਤਾਬਕ ਮਿਲਿਆ। ਦੋਸ਼ੀ ਲੋਕ ਮੰਨ ਗਏ ਅਤੇ ਉਨ੍ਹਾਂ ਨੇ ਆਖਿਆ **ਅਸੀਂ ਓਦਾਂ ਹੀ ਕਰਾਂਗੇ ਜਿਵੇਂ ਤੁਸਾਂ ਆਖਿਆ ਹੈ।** ਨਹਮਯਾਹ ਦੇ ਕਾਇਲ ਕਰਨ ਵਾਲੇ ਹੁਨਰ, ਜਿਹੜੇ ਰਾਜੇ ਨਾਲ ਉਹਦੀ ਗੱਲਬਾਤ ਵਿਚ ਨਜ਼ਰ ਆਏ ਸਨ (2:1-8) ਅਤੇ ਕੰਧ ਨੂੰ ਫੇਰ ਤੋਂ ਬਣਾਉਣ ਲਈ ਲੋਕਾਂ ਨੂੰ ਉਸਦੇ ਸੱਦੇ ਦੇ ਉਸ ਭਾਸ਼ਣ ਵਿਚ, ਨਜ਼ਰ ਆਏ, ਇਸ ਸੰਦਰਭ ਵਿਚ ਫੇਰ ਮਿਲਦੇ ਹਨ (2:17, 18)।

ਨਹਮਯਾਹ ਇਹ ਗਰੰਟੀ ਦੇਣਾ ਚਾਹੁੰਦਾ ਸੀ ਕਿ ਜਿਨ੍ਹਾਂ ਨੇ ਮੋੜਨ ਦਾ ਵਾਅਦਾ ਕੀਤਾ ਹੈ ਉਹ ਆਪਣੇ **ਵਾਇਦੇ** (*dabar*, *ਦਾਬਾਰ*, ਮੂਲ ਵਿਚ ''ਵਚਨ'') ਨੂੰ ਨਿਭਾਉਣ। ਉਸ ਨੇ ਉਨ੍ਹਾਂ ਲਈ **ਜਾਜਕਾਂ** ਅਤੇ ਪੂਰੀ ਸਭਾ ਦੇ ਸਾਹਮਣੇ ਜਨਤਕ ਤੌਰ ਤੇ **ਸਹੁੰ** ਜਾਂ ਪ੍ਰਣ ਲੈਣ ਦਾ ਇੰਤਜ਼ਾਮ ਕੀਤਾ। ਯਾਜਕ ਖ਼ੁਦਾ ਦੇ ਨੁਮਾਇੰਦੇ ਸਨ ਇਸ ਕਰਕੇ ਉਨ੍ਹਾਂ ਦੀ ਮੌਜੂਦਗੀ ਸਹੁੰ ਚੁੱਕਣ ਵਾਲਿਆਂ ਨੂੰ ਇਹ ਸਮਝਾਉਣ ਲਈ ਸੀ ਕਿ ਇਹ ਸਹੁੰ ਉਹ, ਖ਼ੁਦਾ ਦੇ ਸਾਹਮਣੇ ਚੁੱਕ ਰਹੇ ਹਨ (ਵੇਖੋ ਗਿਣਤੀ 5:19)।

**ਆਇਤ 13.** ਇਹ ਵਿਖਾਉਣ ਲਈ ਕਿ ਜੇ ਉਹ ਆਪਣੀ ਸਹੁੰ ਪੂਰੀ ਨਹੀਂ ਕਰਦੇ ਤਾਂ ਕੀ ਹੋਣਾ

ਸੀ, ਨਹਮਯਾਹ ਨੇ ਉਨ੍ਹਾਂ ਦੇ ਸਾਹਮਣੇ **ਆਪਣੇ ਪੱਲੇ ਝਾੜੇ**। ਇਬਰਾਨੀ ਲਿਖਤ ਵਿਚ ਕਿਹਾ ਗਿਆ ਹੈ ਕਿ ਉਸ ਨੇ ਆਪਣੀ ''ਝੋਲੀ'' (*chotsen*, *ਖੋਟਸਨ*) ਜਾਂ ''*[*ਆਪਣੇ*]* ਪੱਲੇ ਦੀ ਝੋਲੀ'' (NJPSV) ਝਾੜ ਦਿੱਤੀ। ਇਕ ਹੋਰ ਅਨੁਵਾਦ ਹੈ ''*[*ਆਪਣੇ*]* ਪੱਲੇ ਦੀ ਡੱਬ'' (NRSV)।[10] ਕਈ ਲੇਖਕਾਂ ਦਾ ਇਹ ਦਾਅਵਾ ਹੈ ਕਿ ''ਡੱਬ'' ਕਮਰ ਦੇ ਦੁਆਲੇ ਕਮਰਬੰਦ ਨੂੰ ਆਪਣੀ ਥਾਂ ਟਿਕਾਈ ਰੱਖਣ ਵਾਲੇ ਪਟਕੇ ਨੂੰ ਕਿਹਾ ਗਿਆ ਹੈ। ਪਟਕਾ ਨਿੱਜੀ ਚੀਜ਼ਾਂ ਨੂੰ ਲਿਜਾਣ ਵਾਲੀ ਜੇਬ੍ਹ ਦਾ ਵੀ ਕੰਮ ਕਰਦਾ ਸੀ। ਇਸ ਨੂੰ ਝਾੜੇ ਜਾਣ ਤੇ ਉਹ ਚੀਜ਼ਾਂ ਜ਼ਮੀਨ ਦੇ ਡਿੱਗ ਗਈਆਂ ਹੋਣਗੀਆਂ। ਆਪਣਾ ਪੱਲਾ ਝਾੜਨ ਤੋਂ ਬਾਅਦ ਨਹਮਯਾਹ ਨੇ ਉਨ੍ਹਾਂ ਨੂੰ ਆਖਿਆ, **ਪਰਮੇਸ਼ੁਰ ਇਵੇਂ ਹੀ ਹਰ ਇਕ ਮਨੁੱਖ ਨੂੰ ਉਸ ਦੇ ਘਰ ਤੋਂ ਅਤੇ ਉਸ ਦੀ ਕਮਾਈ ਤੋਂ ਝਾੜ ਦੇਵੇ ਜਿਹੜਾ ਇਸ ਵਾਇਦੇ ਉੱਤੇ ਕਾਇਮ ਨਾ ਰਹੇ**। ਉਸ ਨੇ ਗੱਲ ਖ਼ਤਮ ਕੀਤੀ, **ਉਹ ਇਵੇਂ ਹੀ ਝਾੜਿਆ ਜਾਵੇ ਅਤੇ ਸੱਖਣਾ ਕੀਤਾ ਜਾਵੇ।**

ਖ਼ੁਦਾ ਦੇ ਸਾਹਮਣੇ ਸਹੁੰ ਚੁੱਕਣਾ ਹਮੇਸ਼ਾ ਆਪਣੇ ਆਪ ਨੂੰ ਬਦਦੁਆ ਦੇਣ ਦੇ ਵਿਚਾਰ ਵਾਲਾ ਹੋਇਆ ਹੈ। ਅਜਿਹੀ ਸਹੁੰ ਨੂੰ ਪੂਰਾ ਨਾ ਕਰ ਸਕਣ ਵਾਲੇ ਨੂੰ ਸਰਾਪ ਮਿਲਣਾ ਹੁੰਦਾ ਸੀ। ਉਸ ਮੌਕੇ ਤੇ **ਸਭਾ** ਵਿਚ ਮੌਜੂਦ ਲੋਕਾਂ ਨੇ ਜੋ ਕੁਝ ਸੁਣਿਆ ਅਤੇ ਵੇਖਿਆ ਉਸਦੀ ਮੰਜ਼ੂਰੀ ਉੱਚੀ ਦੇ ਕੇ ਦਿੱਤੀ। ਉਹ ਸਭ ਪੁਕਾਰ ਉੱਠੇ **ਆਮੀਨ !** ਅਤੇ **ਯਹੋਵਾਹ ਦੀ ਉਸਤਤ ਹੁੰਦੀ ਰਹੇ**। ਉਸਤਤ ਹਮੇਸ਼ਾ ਢੁਕਵਾਂ ਜਵਾਬ ਰਿਹਾ ਹੈ, ਜਦ ਯਹੋਵਾਹ ਨੇ ਆਪਣੇ ਲੋਕਾਂ ਨਾਲ ਆਪਣੇ ਤਰੀਕੇ ਨਾਲ ਵਰਤਿਆ।

5: 1–5 ਵਿਚ ਦੱਸੇ ਗਏ ਪਾਪਾਂ ਦੇ ਦੋਸ਼ੀਆਂ ਨੇ, ਜਿਨ੍ਹਾਂ ਨੂੰ ਨਹਮਯਾਹ ਦੀਆਂ ਗੱਲਾਂ ਨੇ ਕਾਇਲ ਕੀਤਾ ਅਤੇ ਜਿਨ੍ਹਾਂ ਨੇ ਉਸਦੇ ਨਿਰਦੇਸ਼ਾਂ ਨੂੰ ਮੰਨਣ ਲਈ ਆਪਣੇ ਆਪ ਸਹੁੰ ਖਾਧੀ ਸੀ, ਆਪਣੀ ਗੱਲ ਪੁਗਾਈ: **ਲੋਕਾਂ ਨੇ ਇਸ ਵਾਇਦੇ ਦੇ ਅਨੁਸਾਰ ਕੰਮ ਕੀਤਾ।** ਵਚਨ ਭਾਵੇਂ ਖੋਲ੍ਹ ਕੇ ਨਹੀਂ ਦੱਸਦਾ, ਪਰ ਇਹ ਮੰਨਿਆ ਜਾ ਸਕਦਾ ਹੈ ਕਿ ਜਿਨ੍ਹਾਂ ਨਾਲ ਮਾੜਾ ਸਲੂਕ ਕੀਤਾ ਗਿਆ ਉਨ੍ਹਾਂ ਨੂੰ ਮੁਆਵਜ਼ਾ ਮਿਲ ਗਿਆ, ਏਕਤਾ ਬਹਾਲ ਹੋ ਗਈ ਅਤੇ ਯਰੂਸ਼ਲਮ ਦੀ ਕੰਧ ਦਾ ਕੰਮ ਫੇਰ ਤੋਂ ਸ਼ੁਰੂ ਹੋ ਗਿਆ ਜਾਂ ਚੱਲਦਾ ਰਿਹਾ।

## ਉਦਾਹਰਣ: ਖ਼ੁਦਾ ਦੀ ਸ਼ਰ੍ਹਾ ਨੂੰ ਮੰਨਣਾ (5:14-19)

**[14]ਨਾਲੇ ਅੱਜ ਤੋਂ ਜਦ ਤੋਂ ਮੈਂ ਯਹੂਦਾਹ ਦੇ ਦੇਸ ਉੱਤੇ ਹਾਕਮ ਬਣਾਇਆ ਗਿਆ ਅਰਥਾਤ ਅਰਤਹਸ਼ਸ਼ਤਾ ਦੇ ਰਾਜ ਦੇ ਵੀਹਵੇਂ ਵਰ੍ਹੇ ਤੋਂ ਬੱਤੀਵੇਂ ਵਰ੍ਹੇ ਤੀਕ ਇਨ੍ਹਾਂ ਬਾਰਾਂ ਵਰ੍ਹਿਆ ਵਿਚ ਮੈਂ ਅਤੇ ਮੇਰੇ ਭਰਾਵਾਂ ਨੇ ਹਾਕਮੀ ਦੀ ਰੋਟੀ ਨਾ ਖਾਧੀ [15]ਪਰ ਜਿਹੜੇ ਹਾਕਮ ਮੈਥੋਂ ਪਹਿਲਾਂ ਸਨ ਓਹ ਲੋਕਾਂ ਉੱਤੇ ਇਕ ਬੋਝ ਸਨ ਓਹ ਉਨ੍ਹਾਂ ਤੋਂ ਰੋਟੀ, ਮੈ, ਨਾਲੇ ਚਾਂਦੀ ਦੇ ਚਾਲੀ ਰੁਪਏ ਵੀ ਲੈਂਦੇ ਸਨ ਸਗੋਂ ਉਨ੍ਹਾਂ ਦੇ ਜੁਆਨ ਲੋਕਾਂ ਉੱਤੇ ਹਕੂਮਤ ਕਰਦੇ ਸਨ ਪਰ ਪਰਮੇਸ਼ੁਰ ਦੇ ਭੈ ਦੇ ਕਾਰਣ ਮੈਂ ਏਦਾਂ ਨਾ ਕੀਤਾ**
**[16]ਨਾਲੇ ਮੈਂ ਇਸ ਕੰਧ ਦੇ ਕੰਮ ਵਿਚ ਤਕੜਾਈ ਨਾਲ ਲੱਗਾ ਰਿਹਾ, ਅਤੇ ਅਸਾਂ ਖੇਤ ਉੱਕੇ ਹੀ ਮੁਲ ਨਾ ਲਏ ਪਰ ਮੇਰੇ ਸਾਰੇ ਹੀ ਜੁਆਨ ਉੱਥੇ ਕੰਮ ਦੇ ਉੱਤੇ ਇਕੱਠੇ ਰਹੇ [17]ਅਤੇ ਮੇਰੇ ਲੰਗਰ ਵਿੱਚੋਂ ਖਾਣ ਵਾਲੇ ਉਨ੍ਹਾਂ ਤੋਂ ਬਿਨ੍ਹਾਂ ਜਿਹੜੇ ਆਲੇ ਦੁਆਲੇ ਦੀਆਂ ਕੌਮਾਂ ਵਿੱਚੋਂ ਆਉਂਦੇ ਸਨ ਡੇਢ ਸੌ ਯਹੂਦੀ ਅਤੇ ਸ਼ਰੀਫ ਸਨ [18]ਜਿਹੜਾ ਇਕ ਦਿਨ ਲਈ ਤਿਆਰ ਕੀਤਾ ਜਾਂਦਾ ਸੀ ਉਹ ਇਹ ਸੀ, - ਇਕ ਵਹਿੜਾ ਅਤੇ ਛੇ ਪਲੀਆਂ ਹੋਈਆਂ ਭੇਡਾਂ ਅਰ ਮੁਰਗੀਆਂ ਮੇਰੇ ਲਈ ਤਿਆਰ ਹੁੰਦੀਆਂ ਸਨ ਅਤੇ ਦਸਾਂ ਦਿਨਾਂ ਵਿਚ ਇਕ ਵਾਰ ਮੈ ਦੀ ਹਰ ਇਕ ਕਿਸਮ ਦੀ ਵਾਫਰੀ ਹੁੰਦੀ ਸੀ ਇਨ੍ਹਾਂ ਸਾਰੀਆਂ ਗੱਲਾਂ ਦੇ ਹੁੰਦਿਆਂ ਵੀ ਮੈਂ ਹਾਕਮੀ ਦੀ ਰੋਟੀ ਨਾ ਚਾਹੀ ਕਿਉਂਕਿ ਇਨ੍ਹਾਂ ਲੋਕਾਂ ਉੱਤੇ ਗੁਲਾਮੀ ਦਾ ਵੱਡਾ ਭਾਰ ਸੀ [19]ਹੇ ਮੇਰੇ ਪਰਮੇਸ਼ੁਰ, ਮੈਨੂੰ ਚੇਤੇ ਕਰ ਉਸ ਸਾਰੀ ਭਲਿਆਈ ਲਈ ਜਿਹੜੀ ਮੈਂ ਇਨ੍ਹਾਂ ਲੋਕਾਂ ਉੱਤੇ ਕੀਤੀ।**

5:14–19 ਵਿਚ ਕਹੇ ਗਏ ਨਹਮਯਾਹ ਦੇ ਸ਼ਬਦ, ਅਧਿਆਇ ਵਿਚ ਪਹਿਲਾਂ ਚੇਤੇ ਕਰਾਏ ਗਏ ਮੌਕੇ ਤੇ ਨਹੀਂ ਕਹੇ ਗਏ ਸਨ; ਬਲਕਿ ਉਹ ਉਨ੍ਹਾਂ ਦੇ ਵਾਅਦੇ ਲਈ ਲਿਖੇ ਗਏ ਸਨ ਜਿਨ੍ਹਾਂ ਨੇ ਯਰੂਸ਼ਲਮ ਦੀ ਕੰਧ ਦੇ ਬਣਾਏ ਜਾਣ ਦੇ ਇਸ ਇਤਿਹਾਸਿਕ ਵੇਰਵੇ ਨੂੰ ਪੜ੍ਹਨਾ ਸੀ। ਇਸ ਵੇਰਵੇ ਵਿਚ ਇਸ ਮੌਕੇ ਤੇ ਕਹੀਆਂ ਗਈਆਂ ਇਹ ਆਖ਼ਰੀ ਗੱਲਾਂ ਬਰੈਕਟ ਦੇ ਅੰਦਰ ਲਿਖੇ ਗਏ ਸ਼ਬਦਾਂ ਵਾਂਗ ਜੋੜੀਆਂ ਗਈਆਂ,[11] ਯਹੂਦਾਹ ਦੇ ਹਾਕਮ ਦੇ ਤੌਰ ਤੇ ਨਹਮਯਾਹ ਦੀ ਈਮਾਨਦਾਰੀ ਦਾ ਪ੍ਰਚਾਰ ਹਨ।

**ਆਇਤ 14.** ਆਪਣੀਆਂ ਕਾਰਵਾਹੀਆਂ ਲਈ ਨਹਮਯਾਹ ਦਾ ਅਰੰਭ ਅਤੇ ਅੰਤ (5:14, 18)[12] ਇਸ ਗੱਲ ਨਾਲ ਹੁੰਦਾ ਹੈ ਕਿ **ਬਾਰਾਂ ਵਰ੍ਹਿਆਂ** ਦੇ ਇਸ ਪੂਰੇ ਸਮੇਂ ਦੌਰਾਨ ਜਦ ਉਹ ਅਹੁਦੇ ਤੇ ਰਿਹਾ ਨਾ ਤਾਂ ਉਸ ਨੇ ਅਤੇ ਨਾ ਉਸ ਦੇ **ਭਰਾਵਾਂ** ਨੇ ਫ਼ਾਰਸੀ ਹਕੂਮਤ ਵੱਲੋਂ **ਯਹੂਦਾਹ** ਦੇ ਸੂਬੇ ਦੇ **ਹਾਕਮ** ਲਈ ਮੁਹੱਈਆ ਕਰਵਾਈ ਗਈ **ਰੋਟੀ** ਖਾਧੀ। (**ਅਰਤਹਸ਼ਸ਼ਤਾ ਦੇ ਰਾਜ ਦੇ ਵੀਹਵੇਂ ਵਰ੍ਹੇ ਤੋਂ ਬੱਤੀਵੇਂ ਵਰ੍ਹੇ ਤੀਕ** ਲਗਭਗ 445 ਤੋਂ 433 ਈ.ਪੂ. ਤਕ ਦਾ ਹੋਵੇਗਾ।) ਸਾਫ਼ ਹੈ ਕਿ ਸੂਬੇ ਦਾ ਹਾਕਮ ਨੂੰ ਫ਼ਾਰਸੀ ਰਾਜੇ ਲਈ ਇਕੱਠਾ ਕੀਤੇ ਗਏ ਕਰਾਂ ਦਾ ਕੁਝ ਹਿੱਸਾ ਰਹਿਣ ਸਹਿਣ ਦੇ ਭੱਤੇ ਵਜੋਂ ਦਿੱਤਾ ਜਾਂਦਾ ਸੀ। ਨਹਮਯਾਹ ਨੇ ਆਖਿਆ ਕਿ ਉਸਨੇ ਉਹ ਭੱਤਾ ਕਦੇ ਨਹੀਂ ਲਿਆ। 5:18 ਵਿਚ ਉਸ ਨੇ ਆਪੇ ਅਹੁਦੇ ਦੇ ਫਾਇਦਿਆਂ ਤੋਂ ਇਨਕਾਰ ਕਰਨ ਦਾ ਕਾਰਣ ਦੱਸਿਆ: ''ਕਿਉਂਕਿ ਇਨ੍ਹਾਂ ਉੱਤੇ ਗੁਲਾਮੀ ਦਾ ਵੱਡਾ ਭਾਗ ਸੀ।'' ਦੂਜੇ ਸ਼ਬਦਾਂ ਵਿਚ, ਲੋਕਾਂ ਉੱਤੇ ਟੈਕਸ ਦਾ ਐਨਾ ਬੋਝ ਸੀ ਕਿ ਨਹਮਯਾਹ ਨੇ ਉਨ੍ਹਾਂ ਤੋਂ ਉਹ ਲੈਣ ਤੋਂ ਇਨਕਾਰ ਕਰ ਦਿੱਤਾ ਜਿਹੜਾ ਉਸ ਨੂੰ ਲੈਣ ਦਾ ਹੱਕ ਸੀ। ਆਮ ਤੌਰ ਤੇ ''ਹਾਕਮ ਦਾ ਰੋਟੀ ਦਾ ਭੱਤਾ'' ਉਨ੍ਹਾਂ ਲੋਕਾਂ ਤੋਂ ਲਏ ਗਏ ਟੈਕਸਾਂ ਤੋਂ ਆਉਂਦਾ ਸੀ, ਜਿਨ੍ਹਾਂ ਉੱਤੇ ਉਹ ਹਾਕਮ ਹੁੰਦਾ ਸੀ।

**ਆਇਤਾਂ 15, 16.** ਨਾਲੇ ਨਹਮਯਾਹ ਨੇ **ਜਿਹੜੇ ਹਾਕਮ ਪਹਿਲਾਂ ਸਨ** ਉਨ੍ਹਾਂ ਵਰਗੇ ਨਾ ਹੋਣ ਦਾ ਦਾਅਵਾ ਕੀਤਾ, ਜੋ ਨਾ ਸਿਰਫ਼ ਆਪਣੇ ਭੱਤੇ ਕਬੂਲਦੇ ਸਨ ਬਲਕਿ **ਲੋਕਾਂ ਉੱਤ ਬੋਝ** ਵੀ ਸਨ। ਇਨ੍ਹਾਂ ਅਧਿਕਾਰੀਆਂ ਨੇ **ਉਨ੍ਹਾਂ ਤੋਂ ਰੋਟੀ**, ਅਤੇ **ਮੈ** ਲਈ ਸੀ ਅਤੇ **ਚਾਂਦੀ ਦੇ ਚਾਲੀ ਰੁਪਏ** ਟੈਕਸ ਵੀ ਲਾਇਆ ਸੀ। ਉਹ ਆਪਣੇ **ਜਵਾਨਾਂ** ਨੂੰ (ਆਪਣੇ ਪ੍ਰਸ਼ਾਸਨ ਵਿਚ ਆਪਣੇ ਅਧੀਨ) **ਲੋਕਾਂ ਉੱਤੇ ਹਕੂਮਤ** ਕਰਨ ਦਿੰਦੇ ਸਨ। ਬਹੁਤੀ ਸੰਭਾਵਨਾ ਇਹ ਹੈ ਕਿ ਉਹਦੇ ਦਿਮਾਗ਼ ਵਿਚ ਸੂਬੇ ਦੇ ਪੁਰਾਣੇ ਸਰਦਾਰਾਂ ਦੀ ਨਹੀਂ ਬਲਕਿ ਹਾਲ ਦੇ ਸਰਦਾਰਾਂ, ਜਿਵੇਂ ਜ਼ਰੁੱਬਾਬਲ ਦੀ ਗੱਲ ਹੋਵੇਗੀ।

ਅਤੀਤ ਵਿਚ ਕੁਝ ਵਿਦਵਾਨ ਇਸ ਗੱਲ ਤੋਂ ਇਨਕਾਰ ਕਰਦੇ ਸਨ ਕਿ ਜ਼ਰੁੱਬਾਬਲ ਅਤੇ ਨਹਮਯਾਹ ਦੇ ਵਿਚਕਾਰ ਯਹੂਦਾਹ ਦਾ ਕੋਈ ਹਾਕਮ ਹੈ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਨਹਮਯਾਹ ਸਨਬੱਲਟ ਅਤੇ ਉਸ ਦੇ ਪਹਿਲਾਂ ਦੇ ਅਧਿਕਾਰੀਆਂ ਦੀ ਗੱਲ ਕਰ ਰਿਹਾ ਸੀ, ਜਿਹੜੇ ਸਾਮਰੀਆਂ ਦੇ ਨਾਲ ਨਾਲ ਯਹੂਦਾਹ ਉੱਤੇ ਵੀ ਹਾਕਮ ਸਨ। ਪਰ ਪੁਰਾਤੱਤਵੀ ਪ੍ਰਮਾਣ ਤੋਂ ਤਿੰਨ ਜਣਿਆਂ ਦੇ ਨਾਂਅ ਪਤਾ ਲੱਗੇ ਹਨ ਜਿਹੜੇ ਉਸ ਸਮੇਂ ਦੌਰਾਨ ਯਹੂਦਾਹ ਉੱਤੇ ਹਾਕਮ ਸਨ: ਅਲਨਾਸ਼ਾਨ, ਯਹੋਏਜ਼ੇਰ, ਅਤੇ ਅਹਜ਼ਈ।[13]

ਨਹਮਯਾਹ ਦੇ ਆਪਣੇ ਤੋਂ ਪਹਿਲਾਂ ਦੇ ਅਧਿਕਾਰੀਆਂ ਨਾਲੋਂ ਫ਼ਰਕ ਤਰੀਕੇ ਨਾਲ ਕੰਮ ਕਰਨ ਦਾ ਕਾਰਣ **ਪਰਮੇਸ਼ੁਰ ਦਾ ਭੈ** ਦੱਸਿਆ ਗਿਆ ਹੈ। ਪਰਮੇਸ਼ੁਰ ਦੇ ਭੈ ਅਤੇ ਆਦਰ ਦੇ ਕਾਰਣ ਉਹ ਆਪਣੇ ਅਹੁਦੇ ਦਾ ਫ਼ਾਇਦਾ ਚੁੱਕ ਕੇ ਉਨ੍ਹਾਂ ਨੂੰ ਜਿਹੜੇ ਉਹਦੇ ਅਧੀਨ ਸਨ ਨੁਕਸਾਨ ਪਹੁੰਚਾਉਣ ਤੋਂ ਇਨਕਾਰ ਕਰਦਾ ਸੀ। ਉਦਾਹਰਣ ਲਈ ਉਹਨੇ **ਖੇਤ ਉੱਕੇ ਹੀ ਮੁਲ ਨਾ ਲਏ**। ਹਾਕਮ ਹੋਣ ਕਰਕੇ ਜਿੰਨੀ ਚਾਹੇ ਜ਼ਮੀਨ ਉਹ ਕਬਜ਼ੇ ਵਿਚ ਕਰ ਸਕਦਾ ਸੀ। ਇਸ ਦੇ ਉਲਟ ਉਹ **ਕੰਧ** ਦੇ ਬਣਾਉਣ ਵਿਚ **ਲੱਗਾ** ਰਿਹਾ (ਮੂਲ ਵਿਚ ''ਲੱਗਾ ਰਿਹਾ''; AB) ਅਤੇ ਆਪਣੇ **ਜਵਾਨ** (ਉਸਦੇ ਪ੍ਰਸ਼ਾਸਨ ਹੇਠ ਉਸਦੇ ਅਧੀਨ ਅਧਿਕਾਰੀ ਜਾਂ ਨਿੱਜੀ ਸੇਵਕ) ਉਸ **ਕੰਮ** ਵਿਚ ਲਾਏ।

**ਆਇਤਾਂ 17, 18.** ਆਪਣੇ ਅਹੁਦੇ ਦੇ ਫ਼ਾਇਦੇ ਲੈਣ ਦੀ ਥਾਂ ਉਹ ਆਪਣੇ ਖਰਚੇ ਤੇ **ਡੇਢ ਸੌ ਯਹੂਦੀ ਅਤੇ ਸ਼ਰੀਫ** ਤੋਂ ਵੱਧ ਲੋਕਾਂ ਨੂੰ ਖੁਆਉਂਦਾ ਸੀ, ਜੋ ਰਾਜੇ ਤੋਂ **ਰੋਟੀ** ਲਏ ਬਗ਼ੈਰ ਹਰ ਕਿਸੇ ਨਾਲ

ਮਹਿਮਾਨ-ਨਵਾਜ਼ੀ ਨੂੰ ਵਿਖਾਉਂਦਾ ਹੈ। ਨਹਮਯਾਹ ਨੇ ਲੋਕਾਂ ਤੋਂ ਨਹੀਂ ਲਿਆ ਉਲਟਾ ਉਹ ਉਨ੍ਹਾਂ ਨੂੰ ਦਿੰਦਾ ਹੀ ਰਿਹਾ। ਵੱਡੀ ਗਿਣਤੀ ਵਿਚ ਲੋਕਾਂ ਨੂੰ ਖੁਆ ਕੇ ਅਤੇ ਮਹਿਮਾਨਾਂ ਨਾਲ ਖੁੱਲ੍ਹਦਿਲੀ ਨਾਲ ਮਹਿਮਾਨ-ਨਵਾਜ਼ੀ ਕਰਕੇ (**ਜਿਹੜੇ ਆਲੇ ਦੁਆਲੇ ਦੀਆਂ ਕੌਮਾਂ ਵਿੱਚੋਂ ਆਉਂਦੇ ਸਨ**), ਨਹਮਯਾਹ ਨੇ ਪੁਰਾਣੇ ਜ਼ਮਾਨੇ ਦੇ ਰਾਜਿਆਂ ਦੀ ਰੀਤ ਨੂੰ ਨਿਭਾਇਆ। ਸੁਲੇਮਾਨ ਵੀ ਆਪਣੀ ਮੇਜ਼ ਤੇ ਵੱਡੀ ਗਿਣਤੀ ਵਿਚ ਲੋਕਾਂ ਨੂੰ ਖਾਣਾ ਖੁਆਉਂਦਾ ਸੀ (1 ਰਾਜਿਆਂ 4:22, 23)। ਅਸੀਰੀ ਵਿਚ ਯਹੂਦਾਹ ਦੇ ਰਾਜਾ ਯਹੋਯਾਕੀਮ ਨੂੰ ''ਉਮਰ ਭਰ'' ਬਾਬਲ ਦੇ ਰਾਜੇ ਦੀ ਮੇਜ਼ ਤੇ ਖਾਣ ਦੀ ਇਜਾਜ਼ਤ ਦਿੱਤੀ ਗਈ ਸੀ (2 ਰਾਜਿਆਂ 25:29, 30)।

ਵਚਨ ਦੱਸਦਾ ਹੈ ਕਿ ਰੋਜ਼ ਤਿਆਰ ਹੋਣ ਵਾਲੇ ਖਾਣੇ ਵਿਚ **ਇਕ ਵਹਿੜਾ ਅਤੇ ਛੇ ਪਲੀਆਂ ਹੋਈਆਂ ਭੇਡਾਂ ਅਰ ਮੁਰਗੀਆਂ** ਹੁੰਦੀਆਂ ਸਨ। ਇਸ ਤੋਂ ਇਲਾਵਾ **ਦਸਾਂ ਦਿਨਾਂ ਵਿਚ ਇਕ ਵਾਰ ਮੈ ਦੀ ਹਰ ਇਕ ਕਿਸਮ ਦੀ ਵਾਫਰੀ ਹੁੰਦੀ ਸੀ**। ਨਹਮਯਾਹ ਦੀ ਸੇਵਾ ਦੇ ਇਸ ਵੇਰਵੇ ਤੋਂ ਸੰਕੇਤ ਮਿਲਦਾ ਹੈ ਕਿ ਉਹ ਆਪਣੇ ਤੌਰ ਤੇ ਅਮੀਰ ਸੀ। ਹੋ ਸਕਦਾ ਹੈ ਕਿ ਉਹ ਅਮੀਰ ਪਰਿਵਾਰ ਵਿੱਚੋਂ ਹੋਵੇ ਜਾਂ ਹੋ ਸਕਦਾ ਹੈ ਕਿ ਉਸ ਨੇ ਦੌਲਤ ''ਪਾਤਸ਼ਾਹ ਦਾ ਸਾਕੀ'' ਦੇ ਰੂਪ ਵਿਚ ਕੰਮ ਕਰਦਿਆਂ ਕਮਾਈ ਹੋਵੇ (1:11)।

**ਆਇਤ 19.** ਬਚਾਅ ਦਾ ਅੰਤ **ਪਰਮੇਸ਼ੁਰ** ਅੱਗੇ **ਭਲਿਆਈ ਲਈ** ਉਸ ਨੂੰ **ਚੇਤੇ** ਕਰਨ ਦੀ ਨਹਮਯਾਹ ਦੀ ਬੇਨਤੀ ਨਾਲ ਹੁੰਦਾ ਹੈ। ਭਾਵੇਂ ਉਹ ਲੋਕਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਉਹ ਲਾਲਚ ਜਾਂ ਗ਼ਰੀਬਾਂ ਦਾ ਦਮਨ ਕਰਨ ਦਾ ਦੋਸ਼ੀ ਨਹੀਂ ਹੈ ਪਰ ਉਸ ਦਾ ਮੁੱਖ ਮਕਸਦ ਪ੍ਰਭੂ ਨੂੰ ਖੁਸ਼ ਕਰਨਾ ਸੀ। ਨਹਮਯਾਹ ਨੇ ਖ਼ੁਦਾ ਨੂੰ ਆਖਿਆ ਕਿ ਉਸ ਸਭ ਨੂੰ ਧਿਆਨ ਵਿਚ ਰੱਖੇ ਜੋ ਉਸ ਨੇ **ਇਨ੍ਹਾਂ ਲੋਕਾਂ** ਲਈ ਕੀਤਾ, ਭਾਵ ਉਹ ਉਸ ਨੂੰ ਉਨ੍ਹਾਂ ਲੋਕਾਂ ਦੇ ਵਫ਼ਾਦਾਰ ਸੇਵਕ ਦੇ ਰੂਪ ਵਿਚ ਵੇਖੇ ਜਿਨ੍ਹਾਂ ਉੱਤੇ ਉਹ ਹਕੂਮਤ ਕਰਦਾ ਸੀ। ਉਸ ਦੀ ਦੁਆ ਸੀ ਕਿ ''ਹੇ ਮੇਰੇ ਪਰਮੇਸ਼ੁਰ, ਮੈਨੂੰ ਚੇਤੇ ਕਰ''; ਇਹੀ ਬੇਨਤੀ 13:22, 31 ਵਿਚ ਵੀ ਮਿਲਦੀ ਹੈ (ਵੇਖੋ 6:14; 13:14; 13:29)।

ਨਹਮਯਾਹ ਆਪਣੇ ਵਿਹਾਰ ਅਤੇ ਕੰਮਾਂ ਦਾ ਬਚਾਅ ਕਿਉਂ ਕਰ ਰਿਹਾ ਸੀ? ਸਾਫ਼ ਹੈ ਕਿ ਉਹ ਆਪਣੇ ਵਿਹਾਰ ਨੂੰ ਉਨ੍ਹਾਂ ''ਸਰੀਫ਼ਾਂ'' ਅਤੇ ''ਰਈਸਾਂ'' ਦੇ ਵਿਹਾਰ ਨਾਲੋਂ ਫ਼ਰਕ ਦੱਸਣਾ ਚਾਹ ਰਿਹਾ ਸੀ ਜਿਨ੍ਹਾਂ ਨੂੰ ਉਸ ਨੇ ਡਾਂਟਿਆ ਸੀ (5:7)। ਉਹ ਗ਼ਰੀਬਾਂ ਨਾਲ ਧੋਖਾ ਕਰਨ ਅਤੇ ਉਨ੍ਹਾਂ ਦਾ ਦਮਨ ਕਰਨ ਦੇ ਦੋਸ਼ੀ ਸਨ, ਜਦ ਕਿ ਉਸ ਨੂੰ ਉਨ੍ਹਾਂ ਦੀ ਭਲਿਆਈ ਦੀ ਫ਼ਿਕਰ ਸੀ। ਸ਼ਾਇਦ ਉਹ ਅਗਲੀਆਂ ਪੀੜ੍ਹੀਆਂ ਲਈ ਇਹ ਸਾਫ਼ ਕਰ ਦੇਣਾ ਚਾਹੁੰਦਾ ਸੀ ਕਿ ਉਹ ਦੂਜੇ ਯਹੂਦੀ ਆਗੂਆਂ ਵਾਲੀ ਗਲਤੀ ਦਾ ਦੋਸ਼ੀ ਨਹੀਂ ਸੀ। ਇਕ ਹੋਰ ਸੰਭਾਵਨਾ ਇਹ ਹੈ ਕਿ ਇਹ ਪੈਰ੍ਹਾ ਉਸਦੀ ਉਸ ਰਿਪੋਰਟ ਦਾ ਹਿੱਸਾ ਸੀ ਜਿਹੜੀ ਉਹ ਫ਼ਾਰਸੀ ਰਾਜੇ ਲਈ ਤਿਆਰ ਕਰ ਰਿਹਾ ਸੀ, ਜਿਹਦੀ ਦਿਲਸਚਪੀ ''ਹਾਕਮੀ ਦੀ ਰੋਟੀ'' ਬਾਰੇ ਜਾਣਨ ਵਿਚ ਅਤੇ ਇਹ ਜਾਣਨ ਵਿਚ ਹੋਣੀ ਸੀ ਕਿ ਹਾਕਮ ਦੇ ਰੂਪ ਵਿਚ ਨਹਮਯਾਹ ਦਾ ਵਿਹਾਰ ਕਿਹੋ ਜਿਹਾ ਸੀ।

## ਪ੍ਰਾਸੰਗਿਕਤਾ

### ਪ੍ਰਭਾਵਸ਼ਾਲੀ ਲੀਡਰਸ਼ਿਪ: ਅੰਦਰੂਨੀ ਮੁਸ਼ਕਿਲਾਂ ਹੱਲ ਕਰਨਾ (ਅਧਿਆਇ 5)

ਇਕ ਪ੍ਰਭਾਸ਼ਾਲੀ ਲੀਡਰ ਅੰਦਰੂਨੀ ਮੁਸ਼ਕਿਲਾਂ ਨਾਲ ਸਫ਼ਲਤਾ ਨਾਲ ਨਜਿੱਠ ਕੇ ਰੁਕਾਵਟਾਂ ਉੱਤੇ ਕਾਬੂ ਪਾ ਲੈਂਦਾ ਹੈ। ਮੁਸ਼ਕਿਲਾਂ ਹਮੇਸ਼ਾ ਕਿਸੇ ਸੰਗਠਨ ਦੇ ਬਾਹਰੇ ਦੁਸ਼ਮਣਾਂ ਤੋਂ ਨਹੀਂ ਆਉਂਦੀਆਂ। ਆਮ ਤੌਰ ਤੇ ਕਿਸੇ ਲੀਡਰ ਦੀਆਂ ਯੋਜਨਾਵਾਂ ਤੋਂ ਪੂਰਾ ਹੋਣ ਤੋਂ ਪਹਿਲਾਂ ਕਾਬੂ ਪਾਈ ਜਾਣ ਵਾਲੀ ਸਭ ਤੋਂ ਵੱਡੀ ਰੁਕਾਵਟ ਉਸ ਸਮੂਹ ਦੇ ਅੰਦਰ ਦੇ ਲੋਕਾ ਦਾ ਵਿਰੋਧ ਹੁੰਦਾ ਹੈ। ਜਦ ਕਿਸੇ ਵੀ ਨਵੇਂ ਪ੍ਰੋਜੈਕਟ ਦੀ ਪੇਸ਼ਕਸ਼ ਹੁੰਦੀ ਹੈ ਤਾਂ ਨਾਂਹ ਕਹਿਣ ਵਾਲੇ ਹਮੇਸ਼ਾ ਹੀ ਹੁੰਦੇ ਹਨ ਕਿ ''ਇਹ ਕੋਈ ਵਧੀਆ

ਵਿਚਾਰ ਨਹੀਂ ਹੈ''; ''ਸਾਡੇ ਕੋਲ ਐਨਾ ਪੈਸਾ ਨਹੀਂ ਹੈ''; ''ਸਾਡੇ ਕੋਲ ਐਨੇ ਲੋਕ ਨਹੀਂ ਹਨ'' ਜਾਂ ''ਸਾਡੇ ਕੋਲ ਸਹੀ ਲੋਕ ਨਹੀਂ ਹਨ।'' ਕੋਈ ਈਮਾਨਦਾਰੀ ਨਾਲ ਇਹ ਮੰਨ ਸਕਦਾ ਹੈ ਕਿ ਪ੍ਰੋਜੈਕਟ ਨਹੀਂ ਹੋਣਾ ਚਾਹੀਦਾ ਜਾਂ ਨਹੀਂ ਹੋ ਸਕਦਾ; ਹੋਰਨਾਂ ਦੇ ਸਵਾਰਥੀ ਉਦੇਸ਼ ਹੋ ਸਕਦੇ ਹਨ। ਕੋਈ ਸਚਮੁਚ ਉਸ ਪੇਸ਼ਕਸ਼ ਨੂੰ ਸਿਰੇ ਨਾ ਚੜ੍ਹਦੇ ਵੇਖਣਾ ਚਾਹੁੰਦੇ ਹਨ ਤਾਂ ਜੋ ਉਹ ਆਪਣੇ ਆਪ ਨੂੰ ਵਧਾ ਸਕਣ।

ਅਜਿਹੇ ਅੰਦਰੂਨੀ ਵਿਰੋਧ ਦਾ ਸਾਹਮਣਾ ਹੋਣ ਤੇ ਇਕ ਲੀਡਰ ਕੀ ਕਰ ਸਕਦਾ ਹੈ? ਨਹਮਯਾਹ ਨੇ ਇਸ ਸਵਾਲ ਦੇ ਜਵਾਬ ਦੇਣ ਲਈ ਕੁਝ ਤਰਕੀਬਾਂ ਦੱਸੀਆਂ।

ਪਹਿਲਾਂ ਤਾਂ ਵਚਨ ਇਹ ਸੁਝਾਅ ਦਿੰਦਾ ਹੈ ਕਿ ਪ੍ਰਭਾਵਸ਼ਾਲੀ ਲੀਡਰ ਆਪਣੇ ਵੱਲ ਹਰ ਕਿਸੇ ਨੂੰ ਕਰਨ ਦੀ ਪੂਰੀ ਕੋਸ਼ਿਸ਼ ਕਰੇਗਾ। ਨਹਮਯਾਹ ਨੇ ਲੋਕਾਂ ਨੂੰ ਕੰਧ ਨੂੰ ਬਣਾਉਣ ਦੀ ਆਪਣੀ ਪੇਸ਼ਕਸ਼ ਨੂੰ ਕਬੂਲ ਕਰਨ ਲਈ ਕਾਇਲ ਕਰਨਾ ਚਾਹਿਆ (2:17, 18)। ਉਹ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਕਾਇਲ ਕਰ ਸਕਿਆ ਅਤੇ ਕੰਧ ਬਣ ਗਈ, ''ਕਿਉਂ ਜੋ ਲੋਕ ਦਿਲ ਨਾਲ ਕੰਮ ਕਰਦੇ ਸਨ'' (4:6)। ਇਵੇਂ ਹੀ ਇਕ ਪ੍ਰਭਾਵਸ਼ਾਲੀ ਲੀਡਰ, ਪ੍ਰੋਜੈਕਟ ਦੇ ਸ਼ੁਰੂ ਵਿਚ ਇਹ ਮੰਨ ਕੇ ਚੱਲੇਗਾ ਕਿ ਲੋਕਾਂ ਨੂੰ ਉਸ ਕੰਮ ਨੂੰ ਮਦਦ ਕਰਨ ਲਈ ਕਾਇਲ ਕਰਨਾ ਜ਼ਰੂਰੀ ਹੈ। ਉਹ ਲੋਕਾਂ ਨੂੰ ਸ਼ਾਮਿਲ ਕਰਨ ਲਈ ਯੋਜਨਾ ਬਣਾਵੇਗਾ ਅਤੇ ਮੁਹਿੰਮ ਚਲਾਵੇਗਾ, ਅਤੇ ਸੰਭਾਵਿਤ ਦੁਸ਼ਮਣਾਂ ਨੂੰ ਦੋਸਤ ਬਣਾ ਕੇ ਵਿਰੋਧ ਤੋਂ ਬਚਣ ਦੀ ਕੋਸ਼ਿਸ਼ ਕਰੇਗਾ (ਵੇਖੋ ਰੋਮੀਆਂ 12:18)।

ਦੂਜਾ, ਨਹਮਯਾਹ ਦੀ ਕਹਾਣੀ ਇਹ ਦੱਸਦੀ ਹੈ ਕਿ ਕਿਸੇ ਲੀਡਰ ਦੀਆਂ ਬੇਹਤਰੀਨ ਕੋਸ਼ਿਸ਼ਾਂ ਦੇ ਬਾਵਜੂਦ ਅੰਦਰੂਨੀ ਮੁਸ਼ਕਿਲਾਂ ਖੜੀਆਂ ਹੋ ਸਕਦੀਆਂ ਹਨ। ਨਹਮਯਾਹ ਨੂੰ ਉਨ੍ਹਾਂ ਯਹੂਦੀਆਂ ਨਾਲ ਨਜਿੱਠਣਾ ਪਿਆ ਜਿਹੜੇ ਆਪਣੇ ਭਰਾਵਾਂ ਨਾਲ ਬਦਸਲੂਕੀ ਕਰ ਰਹੇ ਸਨ (5:1–13), ਦੂਜਿਆਂ ਨਾਲ ਜਿਹੜੇ ਇਸਰਾਏਲ ਦੇ ਦੁਸ਼ਮਣਾਂ ਦੇ ਦੋਸਤ ਸਨ (6:10–14), ਅਤੇ ਕੁਝ ਹੋਰਨਾਂ ਨਾਲ ਜਿਹੜੇ ਬੁਰੀ ਤਰ੍ਹਾਂ ਨਾਲ ਖ਼ੁਦਾ ਦੀ ਸ਼ਰ੍ਹਾ ਨੂੰ ਤੋੜ ਰਹੇ ਸਨ (13:1–31)। ਇਨ੍ਹਾਂ ਵਿੱਚੋਂ ਕੋਈ ਵੀ ਜਾਂ ਸਾਰੇ ਗੁੱਟ ਯਹੂਦੀ ਕੌਮ ਨੂੰ ਉਸ ਦੇ ਮਕਸਦ ਨੂੰ ਪੂਰਾ ਕਰਨ ਤੋਂ ਰੋਕ ਸਕਦੇ ਸਨ।

ਜੇ ਨਹਮਯਾਹ ਅੰਦਰੂਨੀ ਮੁਸ਼ਕਿਲਾਂ ਤੋਂ ਨਹੀਂ ਬਚ ਸਕਦਾ ਸੀ ਤਾਂ ਅੱਜ ਕਲੀਸੀਆ ਦੇ ਆਗੂਆਂ ਨੂੰ ਵੀ ਉਨ੍ਹਾਂ ਤੋਂ ਮੁਕਤ ਹੋਣ ਦੀ ਉਮੀਦ ਨਹੀਂ ਕਰਨੀ ਚਾਹੀਦੀ। ਯਿਸੂ ਦੀ ਟੋਲੀ ਵਿਚ ਵੀ ਇਕ ਯਹੂਦਾਹ ਸੀ। ਪੌਲੁਸ ਦੀਆਂ ਕੁਝ ਸਭ ਤੋਂ ਵੱਡੀਆਂ ਮੁਸ਼ਕਿਲਾਂ ਯਹੂਦੀਆਂ ਜਾਂ ਰੋਮੀਆਂ ਵੱਲੋਂ ਨਹੀਂ ਬਲਕਿ ਉਸ ਦੇ ਸਾਥੀ ਮਸੀਹੀਆਂ ਵੱਲੋਂ ਪੈਦਾ ਕੀਤੀਆਂ ਹੋਈਆਂ ਸਨ। ਕੁਝ ਨੇ ਵਿਰੋਧ ਕੀਤਾ ਅਤੇ ਦੂਜੇ ਉਸ ਨੂੰ ਛੱਡ ਗਏ। ਮਸੀਹੀ ਲੀਡਰਾਂ ਨੂੰ ਭਰਾਵਾਂ ਤੋਂ ਵਿਰੋਧ ਦਾ ਸਾਹਮਣਾ ਕਰਨ ਤੇ ਦਿਲ ਰੱਖਣਾ ਚਾਹੀਦਾ ਹੈ। ਵਿਰੋਧ ਦਾ ਮਤਲਬ ਜ਼ਰੂਰੀ ਨਹੀਂ ਹੈ ਕਿ ਨਾਕਾਮੀ ਹੋਵੇ ਕਿਉਂਕਿ ਅਸਲ ਵਿਚ ਇਹ ਇਸ ਗੱਲ ਦਾ ਨਿਸ਼ਾਨ ਹੋ ਸਕਦਾ ਹੈ ਕਿ ਇਕ ਮਹੱਤਪੂਰਣ ਯੋਜਨਾ ਸਹੀ ਰਾਹ ਤੇ ਹੈ।

ਤੀਜਾ, ਨਹਮਯਾਹ ਦੀ ਸਫ਼ਲਤਾ ਦਾ ਵਿਰਤਾਂਤ ਇਹ ਦੱਸਦਾ ਹੈ ਕਿ ਕਿਸੇ ਲੀਡਰ ਨੂੰ ਸੰਗਠਨ ਦੇ ਅੰਦਰੋਂ ਪੈਦਾ ਹੋਣ ਵਾਲੀਆਂ ਰੁਕਾਵਟਾਂ ਨਾਲ ਅਸਰਦਾਇਕ ਢੰਗ ਨਾਲ ਨਜਿੱਠਣਾ ਚਾਹੀਦਾ ਹੈ। ਜੇ ਕੋਈ ਲੀਡਰ ਅਜਿਹੀਆਂ ਮੁਸ਼ਕਿਲਾਂ ਨੂੰ ਰੋਕ ਨਹੀਂ ਸਕਦਾ, ਤਾਂ ਉਹਦੇ ਲਈ ਉਨ੍ਹਾਂ ਨਾਲ ਸਮਝਦਾਰੀ ਨਾਲ ਪੇਸ਼ ਆਉਣਾ ਜ਼ਰੂਰੀ ਹੈ। ਨਹਮਯਾਹ ਹਰ ਮੁਸ਼ਕਿਲ ਨਾਲ ਵਾਜਬ ਤਰੀਕੇ ਨਾਲ ਪੇਸ਼ ਆਇਆ।

ਆਪਣੇ ਸਾਥੀਆਂ ਨਾਲ ਬਦਸਲੂਕੀ ਕਰਨ ਵਾਲਿਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਨੂੰ ਡਾਂਟਣ ਵਿਚ ਨਹਮਯਾਹ ਨੇ ਸਹੀ ਰਵੱਈਏ ਦੀ ਉਦਾਹਰਣ ਵਜੋਂ ਆਪਣੇ ਆਪ ਨੂੰ ਵਰਤਿਆ (5:14–19)। ਕਈ ਵਾਰ ਅੰਦਰੂਨੀ ਮੁਸ਼ਕਿਲਾਂ ਵਿਚ ਕੋਈ ਅਜਿਹੀ ਗਲਤੀ ਹੁੰਦੀ ਹੈ ਜਿਸ ਨੂੰ ਪ੍ਰਭਾਵਸ਼ਾਲੀ ਸਿੱਖਿਆ ਅਤੇ ਚੰਗੀ ਉਦਾਹਰਣ ਦੇ ਕੇ ਸੁਧਾਰਿਆ ਜਾ ਸਕਦਾ ਹੈ।

ਉਨ੍ਹਾਂ ਦੇ ਸਬੰਧ ਵਿਚ ਜਿਹੜੇ ਯਹੂਦਾਹ ਦੇ ਦੁਸ਼ਮਣਾਂ ਦੇ ਦੋਸਤ ਸਨ (6:10–14), ਨਹਮਯਾਹ ਨੂੰ ਪਤਾ ਲਗ ਗਿਆ ਕਿ ਉਨ੍ਹਾਂ ਦੀ ਸਲਾਹ ਖ਼ੁਦਾ ਵੱਲੋਂ ਨਹੀਂ ਬਲਕਿ ਯਹੂਦਾਹ ਦੇ ਵਿਰੋਧੀਆਂ ਵੱਲੋਂ

ਹੈ। ਆਪਣੇ ਦੁਸ਼ਮਣਾਂ ਨਾਲ ਉਨ੍ਹਾਂ ਦੀ ਦੋਸਤੀ ਤੋਂ ਉਹ ਵਾਕਫ਼ ਸੀ ਅਤੇ ਉਸ ਨੇ ਉਨ੍ਹਾਂ ਦੀਆਂ ਗੱਲਾਂ ਵਿਚ ਆਉਣ ਤੋਂ ਇਨਕਾਰ ਕਰ ਦਿੱਤਾ। ਕਿਸੇ ਮਸੀਹੀ ਲੀਡਰ ਲਈ ਵਿਰੋਧ ਦੀ ਗੱਲ ਨੂੰ ਕਈ ਵਾਰ ਇਹ ਸਮਝਣਾ ਜ਼ਰੂਰੀ ਹੁੰਦਾ ਹੈ ਕਿ ਹਰ ਕਿਸੇ ਦੇ ਮਨ ਵਿਚ ਕਲੀਸੀਆ ਦੀ ਭਲਿਆਈ ਦੀ ਗੱਲ ਨਹੀਂ ਹੈ। ਕਈ ਤਾਂ ਪ੍ਰਭੂ ਦੇ ਦੁਸ਼ਮਣਾਂ ਨਾਲ ਆਪਣੀ ਦੋਸਤੀ ਤੋਂ ਪ੍ਰੇਰਿਤ ਹੁੰਦੇ ਹਨ (ਉਦਾਹਰਣ ਲਈ ਸੰਸਾਰ ਨਾਲ ਉਨ੍ਹਾਂ ਦੀ ਦੋਸਤੀ)। ਉਨ੍ਹਾਂ ਦੇ ਇਰਾਦਿਆਂ ਤੋਂ ਜਾਣੂ ਹੋ ਕੇ, ਪ੍ਰਭਾਵਸ਼ਾਲੀ ਲੀਡਰ ਨਾ ਤਾਂ ਆਪ ਉਨ੍ਹਾਂ ਦੇ ਅਸਰ ਹੇਠ ਆਵੇਗਾ ਅਤੇ ਨਾ ਉਨ੍ਹਾਂ ਨੂੰ ਆਉਣ ਦੇਵੇਗਾ ਜਿਨ੍ਹਾਂ ਦੀ ਉਹ ਅਗਵਾਈ ਕਰਦਾ ਹੈ।

ਸ਼ਰੇਆਮ ਖ਼ੁਦਾ ਦੀ ਸਰ੍ਹਾ ਨੂੰ ਤੋੜਨ ਵਾਲਿਆਂ ਲਈ, ਨਹਮਯਾਹ ਨੂੰ ਪਤਾ ਸੀ ਕਿ ਅਨੁਸ਼ਾਸਨ ਜ਼ਰੂਰੀ ਹੈ। ਜਦ ਉਹ ਰਾਜੇ ਅਰਤਹਸ਼ਸ਼ਤਾ ਨਾਲ ਮੁਲਾਕਾਤ ਤੋਂ ਬਾਅਦ ਯਰੂਸ਼ਲਮ ਨੂੰ ਵਾਪਸ ਆਇਆ ਹੀ ਸੀ, ਤਾਂ ਨਹਮਯਾਹ ਨੂੰ ਪਤਾ ਲੱਗਾ ਕਿ ਯਹੂਦੀ ਕਈ ਤਰ੍ਹਾਂ ਦੇ ਪਾਪਾਂ ਦੇ ਦੋਸ਼ੀ ਹਨ (13:4–31)। ਉਸ ਨੇ ਇਨ੍ਹਾਂ ਅਪਰਾਧਾਂ ਤੋਂ ਇਸਰਾਏਲ ਨੂੰ ਛੁਡਾਉਣ ਲਈ ਨਿਰਣਾਇਕ ਢੰਗ ਨਾਲ ਕੰਮ ਕੀਤਾ। ਉਸਨੇ ਟੋਬੀਯਾਹ ਨਾਂਅ ਦੇ ਇਕ ਅੰਮੋਨੀ ਨੂੰ ਹੈਕਲ ਦੀ ਕੋਠੜੀ ਵਿੱਚੋਂ ਕੱਢ ਦਿੱਤਾ। ਉਸ ਨੇ ਲੇਵੀਆਂ ਦੀ ਮਦਦ ਲਈ ਦਸਵੰਧ ਦਿੱਤੇ ਜਾਣ ਨੂੰ ਫੇਰ ਤੋਂ ਸ਼ੁਰੂ ਕੀਤਾ, ਸੱਬਤ ਮਨਾਏ ਜਾਣ ਨੂੰ ਲਾਗੂ ਕਰਵਾਇਆ ਅਤੇ ਯਹੂਦੀਆਂ ਅਤੇ ਮੂਰਤੀਆਂ ਦੀ ਪੂਜਾ ਕਰਨ ਵਾਲਿਆਂ ਵਿਚਕਾਰ ਵਿਆਹ ਤੁੜਵਾਏ। ਇਸ ਕੰਮ ਲਈ ਕੁਝ ਵੱਡੀਆਂ ਕਾਰਵਾਹੀਆਂ ਕਰਨੀਆਂ ਪਈਆਂ! ਉਹ ਅਪਰਾਧੀਆਂ ਨਾਲ ''ਝਗੜਿਆ,'' ''ਉਨ੍ਹਾਂ ਨੂੰ ਫਿਟਕਾਰਿਆ,'' ''ਉਨ੍ਹਾਂ ਵਿੱਚੋਂ ਕਈਆਂ ਨੂੰ ਕੁੱਟਿਆ ਅਤੇ ਉਨ੍ਹਾਂ ਦੇ ਵਾਲ ਪੁੱਟੇ'' ਅਤੇ ''ਉਨ੍ਹਾਂ ਨੂੰ ਪਰਮੇਸ਼ੁਰ ਦੀ ਸਹੁੰ ਖੁਆਈ'' ਕਿ ਬੁੱਤਪ੍ਰਸਤਾਂ ਨਾਲ ਅੰਤਰ-ਵਿਆਹ ਨਹੀਂ ਕਰਨਗੇ (13:25)। ਖ਼ੁਦਾ ਦੇ ਚੁਣੇ ਹੋਏ ਲੋਕਾਂ ਦੇ ਰੂਪ ਵਿਚ ਯਹੂਦਾਹ ਦੇ ਵਜੂਦ ਦੇ ਬਣੇ ਰਹਿਣ ਨੂੰ ਯਕੀਨੀ ਬਣਾਉਣ ਲਈ ਇਹ ਸਖ਼ਤ ਕਦਮ ਪੁੱਟੇ ਜਾਣੇ ਜ਼ਰੂਰੀ ਸਨ। ਨਹਮਯਾਹ ਹਾਕਮ ਸੀ ਅਤੇ ਉਸ ਨੂੰ ਕਾਨੂੰਨ ਲਾਗੂ ਕਰਵਾਉਣ ਦਾ ਇਖ਼ਤਿਆਰ ਸੀ, ਇਸ ਕਰਕੇ ਉਸ ਨੇ ਜੋ ਕੁਝ ਵੀ ਕੀਤਾ ਉਹ ਕਾਨੂੰਨੀ ਤੌਰ ਤੇ ਜਾਇਜ਼ ਸੀ।

ਕਲੀਸੀਆ ਦੇ ਆਗੂਆਂ ਨੂੰ ਹੂੜਮੱਤੀ ਮੈਂਬਰਾਂ ਨੂੰ ਕੁੱਟਣ ਜਾਂ ਉਨ੍ਹਾਂ ਦੇ ਵਾਲ ਪੁੱਟਣ ਦਾ ਇਖ਼ਤਿਆਰ ਨਹੀਂ ਹੈ। ਕਲੀਸੀਆ ਦੇ ਆਗੂ ਦੀ ਵੱਡੀ ਚਿੰਤਾ ਹਮੇਸ਼ਾ ਉਹੀ ਕਰਨ ਦੀ ਹੁੰਦੀ ਹੈ ਜੋ ਖ਼ੁਦਾ ਨੂੰ ਭਾਉਂਦਾ ਹੋਵੇ। ਉਹਦੇ ਲਈ ਇਹ ਜ਼ਰੂਰੀ ਹੈ ਕਿ ਕਿਸੇ ਵੱਲੋਂ ਗਲਤ ਕੀਤੇ ਜਾਣਾ ਉਸ ਨੂੰ ਬਦਲੇ ਵਿਚ ਉਵੇਂ ਹੀ ਗਲਤ ਕਰਨ ਲਈ ਪ੍ਰਭਾਵਿਤ ਨਾ ਕਰੇ। ਫਿਰ ਵੀ ਕਈ ਵਾਰ ਪੂਰੀ ਮੰਡਲੀ ਦੇ ਭਲੇ ਲਈ, ਪਾਪ ਕਰਨ ਵਾਲੇ ਮੈਂਬਰਾਂ ਨਾਲ ਨਜਿੱਠਣ ਲਈ ਸਖ਼ਤ ਕਾਰਵਾਹੀਆਂ ਕੀਤੀਆਂ ਜਾਣੀਆਂ ਜ਼ਰੂਰੀ ਹੋ ਸਕਦੀਆਂ ਹਨ। ਕਲੀਸੀਆ ਦੇ ਕਿਸੇ ਮੈਂਬਰ ਵੱਲੋਂ ਮੁਸ਼ਕਿਲ ਖੜ੍ਹੀ ਕੀਤੇ ਜਾਣ ਵੇਲੇ ਆਖ਼ਰੀ ਅਨੁਸ਼ਾਸ਼ਨਾਤਮਕ ਕਦਮ ਉਸ ਦੀ ਸੰਗਤੀ ਛੱਡ ਦੇਣਾ ਹੁੰਦਾ ਹੈ (ਵੇਖੋ 1 ਕੁਰਿੰਥੀਆਂ 5:1–13)। ਜਦ ਕੋਈ ਮਸੀਹੀ ਸਾਫ਼ ਨਜ਼ਰ ਆਉਣ ਵਾਲੇ ਪਾਪ ਤੋਂ ਤੋਬਾ ਨਹੀਂ ਕਰਦਾ, ਜਿਸ ਨਾਲ ਕਲੀਸੀਆ ਦੀ ਬਦਨਾਮੀ ਹੁੰਦੀ ਹੋਵੇ (ਜਿਵੇਂ ਸਰੇਆਮ ਬਦਕਾਰੀ ਕਰਨਾ) ਜਾਂ ਇਸ ਦੀ ਸ਼ੁੱਧਤਾ ਲਈ ਖ਼ਤਰਾ ਬਣਦਾ ਹੈ (ਸ਼ਾਇਦ ਝੂਠੀ ਸਿੱਖਿਆ ਨਾਲ), ਤਾਂ ਇਹ ਗੱਲਾਂ ਉਸ ਨਾਲੋਂ ਸੰਗਤੀ ਛੱਡ ਦੇਣ ਦਾ ਅਧਾਰ ਬਣ ਸਕਦੀਆਂ ਹਨ। ਹਰ ਲੀਡਰ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਪੂਰੀ ਦੇਹ ਵਿਚ ਕਲੀਸੀਆ ਦੀ ਬੇਹਤਰੀ ਲਈ, ਇਕ ਬੇਈਮਾਨ ਮੈਂਬਰ ਨੂੰ ਕੱਢ ਦੇਣਾ ਚੰਗਾ ਹੈ। ਪਰ ਵਫ਼ਾਦਾਰੀ ਨਾਲ ਬੰਦਗੀ ਵਿਚ ਬਹਾਲ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਤੋਂ ਬਾਅਦ ਆਖ਼ਰੀ ਕੋਸ਼ਿਸ਼ ਸੰਗਤੀ ਵਿੱਚੋਂ ਕੱਢ ਦੇਣਾ ਹੋਣਾ ਚਾਹੀਦਾ ਹੈ। ਅਜਿਹੀ ਕਾਰਵਾਹੀ ਵਚਨ ਦੇ ਮੁਤਾਬਕ ਹੋਣੀ ਜ਼ਰੂਰੀ ਹੈ; ਨਹੀਂ ਤਾਂ ਫਾਇਦਾ ਹੋਣ ਦੀ ਬਜਾਇ, ਨੁਕਸਾਨ ਬਹੁਤਾ ਹੋਵੇਗਾ।

*ਸਾਰ।* ਜੇ ਤੁਸੀਂ ਲੀਡਰ ਹੋ ਤਾਂ ਤੁਹਾਨੂੰ ਜਮਾਤ ਵਿਚ ਹਰ ਕਿਸੇ ਦੀ ਵਫ਼ਾਦਾਰੀ ਨਾਲ ਮਦਦ ਲੈਣ

ਦੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤੁਹਾਡੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਕੁਝ ਲੋਕ ਫਿਰ ਵੀ ਤੁਹਾਡਾ ਵਿਰੋਧ ਕਰਨਗੇ। ਅਜਿਹਾ ਹੋਣ ਤੇ ਤੁਸੀਂ ਅੰਦਰੂਨੀ ਮੁਸ਼ਕਿਲਾਂ ਨਾਲ ਉਨ੍ਹਾਂ ਨੂੰ ਜਿਨ੍ਹਾਂ ਦੀ ਤੁਸੀਂ ਅਗਵਾਈ ਕਰ ਰਹੇ ਹੋ, ਸਿਖਾਉਂਦੇ ਅਤੇ ਸਮਝਾਉਂਦੇ ਰਹਿ ਕੇ ਨਜਿੱਠ ਸਕਦੇ ਹੋ। ਪੇਸ਼ ਆਉਣ ਵਾਲੇ ਵਿਰੋਧ ਦੀ ਚੌਕਸੀ ਕਰੋ ਅਤੇ ਖ਼ਬਰਦਾਰ ਰਹੋ ਅਤੇ ਫਿਰ ਉਸ ਨਾਲ ਸਮਝਦਾਰੀ ਨਾਲ ਨਜਿੱਠੋ। ਜਦ ਜ਼ਰੂਰੀ ਹੋਵੇ ਤਾਂ ਜਮਾਤ ਵਿੱਚੋਂ ਉਨ੍ਹਾਂ ਲੋਕਾਂ ਨੂੰ ਜਿਹੜੇ ਬਾਰ–ਬਾਰ ਪਰੇਸ਼ਾਨੀ ਪੈਦਾ ਕਰਦੇ ਹਨ, ਕੱਢ ਦੇਣ ਦਾ ਸਖ਼ਤ ਫ਼ੈਸਲਾ ਲੈਣਾ ਜ਼ਰੂਰੀ ਹੈ। ਕਈ ਵਾਰ ਪ੍ਰਭਾਵਸ਼ਾਲੀ ਲੀਡਰ ਲਈ ਨਿਰਣਾਇਕ ਢੰਗ ਨਾਲ ਅੰਦਰੂਨੀ ਮੁਸ਼ਕਿਲਾਂ ਨੂੰ ਹੱਲ ਕਰਨਾ ਜ਼ਰੂਰੀ ਹੁੰਦਾ ਹੈ ਜੇ ਕਲੀਸੀਆ ਖ਼ੁਦਾ ਦੀ ਇੱਛਾ ਨੂੰ ਸਫ਼ਲਤਾ ਨਾਲ ਪੂਰਾ ਕਰਨਾ ਚਾਹੁੰਦੀ ਹੋਵੇ।

**ਤੋਬਾ ਲਈ ਜ਼ਰੂਰੀ ਗੱਲਾਂ** (5: 10-13)

ਨਵਾਂ ਨੇਮ ਤੋਬਾ ਨੂੰ ਜ਼ਰੂਰੀ ਦੱਸਦਾ ਹੈ। ਮਸੀਹ ਦੇ ਮਗਰ ਚੱਲਣ ਵਾਲੇ ਲਈ ਮਸੀਹੀ ਬਣਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਉਹ ਆਪਣੇ ਪਿਛਲੇ ਪਾਪਾਂ ਤੋਂ ਤੋਬਾ ਕਰੇ (ਲੂਕਾ 13:3, 5; ਕਰਤੱਬ 2:38; 17:30)। ਫਿਰ, ਮਸੀਹੀ ਬਣ ਜਾਣ ਤੋਂ ਬਾਅਦ ਉਹਦੇ ਲਈ ਕਿਸੇ ਵੀ ਪਾਪ ਲਈ ਜਿਹੜਾ ਉਹ ਕਰਦਾ ਹੈ, ਤੋਬਾ ਕਰਨੀ ਜ਼ਰੂਰੀ ਹੈ (ਕਰਤੱਬ 8:22)। ਤੋਬਾ ਕਰਨ ਤੋਂ ਕੀ ਭਾਵ ਹੈ?

ਨਵਾਂ ਨੇਮ ਇਹ ਦੱਸ ਕੇ ਕਿ ਤੋਬਾ ਨਾਲ ਭਗਤੀ ਭਰੀ ਉਦਾਸੀ ਜਾਂ ਪਛਤਾਵਾ ਹੁੰਦਾ ਹੈ ਇਸ ਸਵਾਲ ਦਾ ਜਵਾਬ ਦਿੰਦਾ ਹੈ (2 ਕੁਰਿੰਥੀਆਂ 7:10)। ਤੋਬਾ ਕਰਨ ਦਾ ਮਤਲਬ ਮਨ ਦਾ ਬਦਲਣਾ ''ਸੰਕਲਪ ਲੈਣਾ'' ਹੈ, ਜੋ ਕੰਮਾਂ ਦੇ ਬਦਲਣ (ਸੁਧਾਰ) ਦਾ ਕਾਰਣ ਬਣਦਾ ਹੈ। ਅਸਲ ਤੋਬਾ ਲਈ ਜ਼ਰੂਰੀ ਹੈ ਕਿ ਜਿਨ੍ਹਾਂ ਦੇ ਵਿਰੁੱਧ ਪਾਪ ਕੀਤੇ ਗਏ ਹੋਣ ਉਨ੍ਹਾਂ ਨੂੰ ਹਰਜਾਨਾ ਦੇਣਾ।

ਨਹਮਯਾਹ ਦੀ ਕਿਤਾਬ ਸਮਝਾਉਂਦੀ ਹੈ ਕਿ ਤੋਬਾ ਕਰਨ ਤੋਂ ਕੀ ਭਾਵ ਹੈ। ਅਧਿਆਇ 5 ਇਹ ਨਹੀਂ ਆਖਦਾ ਕਿ ਨਹਮਯਾਹ ਵੱਲੋਂ ਫਟਕਾਰ ਲਾਏ ਪਾਪੀਆਂ ਨੇ ਆਪਣੇ ਪਾਪਾਂ ਲਈ ਮਾਫ਼ੀ ਮੰਗੀ। ਉਨ੍ਹਾਂ ਨੇ ਨਹਮਯਾਹ ਦੇ ਇਲਜ਼ਾਮ ਨੂੰ ਕਬੂਲ ਕਰ ਲਿਆ, ਇਸ ਕਰਕੇ ਅਸੀਂ ਇਹ ਮੰਨ ਸਕਦੇ ਹਾਂ ਕਿ ਉਨ੍ਹਾਂ ਵਿਚ ''ਭਗਤੀ ਭਰੀ ਉਦਾਸੀ'' ਆਈ ਸੀ (2 ਕੁਰਿੰਥੀਆਂ 7:10; NIV)। ਵੱਡੀ ਗੱਲ ਇਹ ਹੈ ਕਿ ਉਨ੍ਹਾਂ ਨੇ ਉਹ ਕਰਨਾ ਮੰਨ ਲਿਆ ਜਿਸਦਾ ਨਹਮਯਾਹ ਨੇ ਹੁਕਮ ਦਿੱਤਾ। ਮਤਲਬ ਆਪਣੇ ਨਜਾਇਜ਼ ਕੰਮ ਕਰਨੇ ਛੱਡ ਦੇਣਾ। ਲਿਖਤ ਅੱਗੇ ਦੱਸਦੀ ਹੈ ਕਿ ਉਨ੍ਹਾਂ ਨੇ ਉਸ ਸੰਕਲਪ ਨੂੰ ਨਿਭਾਇਆ (5:12, 13)। ਉਨ੍ਹਾਂ ਨੇ ਲੋਕਾਂ ਤੋਂ ਜੋ ਕੁਝ ਗਲਤ ਤਰੀਕੇ ਨਾਲ ਲਿਆ ਸੀ ਉਨ੍ਹਾਂ ਨੂੰ ਉਹ ਮੋੜ ਦਿੱਤਾ। ਦੂਜੇ ਸ਼ਬਦਾਂ ਵਿਚ, ਉਨ੍ਹਾਂ ਨੇ ਮੰਨਿਆ ਕਿ ਉਨ੍ਹਾਂ ਨੇ ਕੁਝ ਲੋਕਾਂ ਦੇ ਵਿਰੁੱਧ ਪਾਪ ਕੀਤਾ ਸੀ ਅਤੇ ਉਨ੍ਹਾਂ ਦਾ ਹਰਜਾਨਾ ਭਰ ਦਿੱਤਾ।

ਤੋਬਾ ਵਿਚ ਚਾਰ ਚਰਣ ਆਉਂਦੇ ਹਨ: ਪਛਤਾਵਾ, ਸੰਕਲਪ, ਸੁਧਾਰ ਅਤੇ ਹਰਜਾਨਾ। ਜੇ ਅਸੀਂ ਆਪਣੀ ਪੂਰੀ ਤਾਕਤ ਨਾਲ ਨਹੀਂ ਕੀਤਾ ਤਾਂ ਭਲਾ ਅਸੀਂ ਸਚਮੁਚ ਤੋਬਾ ਕਰ ਲਈ ਹੈ, ਉਹ ਮੋੜ ਦਿੱਤਾ ਹੈ ਜਿਹੜਾ ਅਸੀਂ ਪਾਪ ਭਰੇ ਢੰਗ ਨਾਲ ਦੂਜਿਆਂ ਤੋਂ ਲਿਆ ਸੀ?

**ਆਪਣੇ ਵਿਸ਼ੇਸ਼ ਅਧਿਕਾਰ ਤਿਆਗਣਾ** (5: 14, 18)

ਨਹਮਯਾਹ ਨੇ ਦਾਅਵਾ ਕੀਤਾ ਕਿ ਭਾਵੇਂ ਉਸ ਨੂੰ ''ਹਾਕਮੀ ਦੀ ਰੋਟੀ'' ਲੈਣ ਦਾ ਹੱਕ ਸੀ, ਪਰ ਉਸ ਨੇ ਹਾਕਮ ਦੇ ਤੌਰ ਤੇ ਆਪਣੇ ਪਹਿਲੇ ਕਾਲ ਦੇ ''ਬਾਰਾਂ ਵਰ੍ਹੇ'' ਤਕ ਅਜਿਹਾ ਨਹੀਂ ਕੀਤਾ (5:14, 18)। ਕਿਉਂ? ਯਹੂਦੀਆਂ ਉੱਤੇ ਟੈਕਸ ਦਾ ਬੋਝ ਪਹਿਲਾਂ ਹੀ ਬਹੁਤ ਭਾਰੀ ਸੀ। ਇਸ ਕਰਕੇ ਉਹ ਨਹੀਂ ਚਾਹੁੰਦਾ ਸੀ ਕਿ ਹੋਰ ਟੈਕਸ ਲਾਇਆ ਜਾਵੇ ਜਾਂ ਉਨ੍ਹਾਂ ਤੋਂ ਉਸ ਦੇ ਰਹਿਣ–ਸਹਿਣ ਦਾ ਖਰਚਾ ਮੰਗ ਕੇ ਉਨ੍ਹਾਂ ਦਾ ਫ਼ਾਇਦਾ ਚੁੱਕਿਆ ਜਾਵੇ।

ਹੋਰਨਾਂ ਲੋਕਾਂ ਨੇ ਵੀ ਇਹੀ ਮਿਸਾਲ ਪੇਸ਼ ਕੀਤੀ ਹੈ। ਪੌਲੁਸ ਰਸੂਲ ਨੇ ਉਨ੍ਹਾਂ ਤੋਂ ਜਿਨ੍ਹਾਂ ਨੂੰ ਉਸ ਨੇ ਵਚਨ ਸੁਣਾਇਆ ਸੀ, ਤਨਖ਼ਾਹ ਲੈਣ ਤੋਂ ਇਨਕਾਰ ਕੀਤਾ। ਇਸ ਕਰਕੇ ਨਹੀਂ ਕਿ ਉਸ ਨੂੰ ਇਹ ਹੱਕ ਨਹੀਂ ਸੀ ਕਿ ਜਿਨ੍ਹਾਂ ਨੂੰ ਉਸ ਨੇ ਵਚਨ ਸੁਣਾਇਆ ਉਹ ਉਹਦਾ ਖਰਚਾ ਚੁੱਕਣ, ਬਲਕਿ ਇਸ ਲਈ ਕਿ ਉਸਦਾ ਮੰਨਣਾ ਸੀ ਕਿ ਜੇ ਉਹ ਉਨ੍ਹਾਂ ਤੋਂ ਪੈਸੇ ਨਾ ਲਵੇ ਤਾਂ ਇਸ ਨਾਲ ਉਨ੍ਹਾਂ ਦਾ ਹੋਰ ਭਲਾ ਹੋ ਸਕਦਾ ਹੈ (1 ਕੁਰਿੰਥੀਆਂ 9:3–18)। ਮਸੀਹੀ ਲੋਕਾਂ ਦੇ ਰੂਪ ਵਿਚ, ਸਾਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ, ''ਭਲਾ ਮੈਨੂੰ ਇਸ ਵੱਡੀ ਭਲਿਆਈ ਨੂੰ ਹਾਸਲ ਕਰਨ ਲਈ ਕਿਸੇ ਚੰਗੀ ਚੀਜ਼ ਨੂੰ ਲੈਣਾ ਦਾ ਆਪਣਾ ਹੱਕ ਛੱਡ ਦੇਣਾ ਚਾਹੀਦਾ ਹੈ?''

ਯਿਸੂ ਨੇ ਆਣ ਕੇ ਸਾਨੂੰ ਬਚਾਉਣ ਲਈ ਸੁਰਗ ਨੂੰ ਛੱਡ ਦਿੱਤਾ (ਫ਼ਿਲਿੱਪੀਆਂ 2:5–9)। ਮੁੱਢਲੇ ਮਸੀਹੀਆਂ ਨੂੰ ਸਮਝਾਇਆ ਜਾਂਦਾ ਸੀ ਕਿ ਜੇ ਮਸੀਹ ਵਿਚ ਉਨ੍ਹਾਂ ਦੇ ਭਰਾਵਾਂ ਅਤੇ ਭੈਣਾਂ ਨੂੰ ਠੋਕਰ ਲਗਦੀ ਹੈ ਤਾਂ ਉਹ ਮਾਸ ਖਾਣਾ ਛੱਡ ਦੇਣ (ਰੋਮੀਆਂ 14:13–21)। ਮਿਸ਼ਨਰੀਆਂ ਨੇ ਇੰਜੀਲ ਨੂੰ ਦੂਜੀਆਂ ਥਾਂਵਾਂ ਦੇ ਲੋਕਾਂ ਤਕ ਪਹੁੰਚਾਉਣ ਲਈ ਆਪਣੇ ਘਰ ਅਤੇ ਦੇਸ਼ ਛੱਡੇ ਹਨ। ਖ਼ੁਦਾ ਦੇ ਲੋਕਾਂ ਦੀ ਖ਼ਾਤਰ ਸਾਨੂੰ ਆਪਣੇ ਕਿਹੜੇ ਵਿਸ਼ੇਸ਼ ਅਧਿਕਾਰ ਛੱਡ ਦੇਣੇ ਚਾਹੀਦੇ ਹਨ?

### ਪੱਕਾ ਯਕੀਨ ਅਤੇ ਪ੍ਰਤੀਕੁਲਤਾ (5:15)

5:15 ਵਿਚ ਨਹਮਯਾਹ ਨੇ ਕਿਹਾ ਕਿ ਉਸ ਨੇ ਯਹੂਦੀਆਂ ਦੇ ਹਾਕਮ ਦੇ ਰੂਪ ਵਿਚ ਉਨ੍ਹਾਂ ਉੱਤੇ ਭਾਰੀ ਬੋਝ ਨਹੀਂ ਪਾਇਆ। ਆਪਣੇ ਤੋਂ ਪਹਿਲੇ ਹਾਕਮਾਂ ਦੇ ਉਲਟ ਉਸ ਨੇ ਲੋਕਾਂ ਤੋਂ ਆਪਣੇ ਅਹੁਦੇ ਦਾ ਫ਼ਾਇਦਾ ਨਹੀਂ ਲਿਆ। ਉਸ ਦੀ ਮਿਸਾਲ ਸਾਨੂੰ ਆਪਣੇ ਸਮੇਂ ਦੀਆਂ ਬੁਰੀਆਂ ਰੀਤਾਂ ਨੂੰ ਮੰਨਣ ਦੀ ਚੁਣੌਤੀ ਦਿੰਦੀ ਹੈ। ਸਾਨੂੰ ਜੋ ਸਹੀ ਹੈ ਉਹ ਕਰਨ ਦਾ ਅਤੇ ਸੰਸਾਰ ਦੀਆਂ ਰੀਤਾਂ ਦੇ ਮਗਰ ਨਾ ਲੱਗਣ ਦਾ ਪੱਕਾ ਯਕੀਨ ਹੋਣਾ ਜ਼ਰੂਰੀ ਹੈ। ਪੌਲੁਸ ਨੇ ਲਿਖਿਆ, ''ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ'' (ਰੋਮੀਆਂ 12:2)।

ਆਪਣੇ ਅਹੁਦੇ ਦੀ ਦੁਰਵਰਤੋਂ ਨਾ ਕਰਨ ਦੀ ਨਹਮਯਾਹ ਦੀ ਪ੍ਰੇਰਣਾ ਉਹਦੇ ਅੰਦਰ ''ਖ਼ੁਦਾ ਦਾ ਖ਼ੌਫ਼'' ਸੀ। ਮਸੀਹੀ ਯੁੱਗ ਵਿਚ ਵੀ ਇਹੀ ਪ੍ਰੇਰਕ ਸ਼ਕਤੀ ਕੰਮ ਕਰਦੀ ਹੈ (ਕਰਤੱਬ 9:31; 10:35; ਫ਼ਿਲਿੱਪੀਆਂ 2:12; ਇਬਰਾਨੀਆਂ 12:28; 1 ਪਤਰਸ 2:17)। ਇਸ ਤੋਂ ਇਲਾਵਾ ਸਾਨੂੰ ਖ਼ੁਦਾ ਦੇ ਉਸ ਵੱਡੇ ਪ੍ਰੇਮ ਤੋਂ ਵੀ ਪ੍ਰੇਰਣਾ ਮਿਲਦੀ ਹੈ ਜਿਹੜਾ ਉਸ ਨੇ ਆਪਣੇ ਪੁੱਤਰ ਯਿਸੂ ਮਸੀਹ ਦੀ ਕੁਰਬਾਨੀ ਦੇ ਰਾਹੀਂ ਵਿਖਾਇਆ ਹੈ। ਪੌਲੁਸ ਦੀਆਂ ਮਿਸ਼ਨਰੀ ਕੋਸ਼ਿਸ਼ਾਂ, ਜੋ ਪੱਕੇ ਯਕੀਨ ਅਤੇ ਪ੍ਰਤੀਕੂਲਤਾ ਨੂੰ ਵਿਖਾਉਂਦੀਆਂ ਸਨ, ਇਨ੍ਹਾਂ ਦੋਹਾਂ ਗੱਲਾਂ ਕਰਕੇ ਸਨ। ਉਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਲਿਖਿਆ, ''ਉਪਰੰਤ ਅਸੀਂ ਪ੍ਰਭੂ ਦਾ ਭੌ ਜਾਣ ਕੇ ਮਨੁੱਖਾਂ ਨੂੰ ਮਨਾਉਂਦੇ ਹਾਂ ... ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰ ਲੈਂਦਾ ਹੈ ਕਿਉਂ ਜੋ ਸਾਡਾ ਇਹ ਯਕੀਨ ਹੈ ਕਿ ਇਕ ਸਭਨਾਂ ਦੇ ਲਈ ਮੋਇਆ ...'' (2 ਕੁਰਿੰਥੀਆਂ 5:11, 14; NIV)।

---

ਟਿੱਪਣੀਆਂ

[1]ਵੇਖੋ ਅਸਤਰ 7:8, ਜਿਥੇ ਰਾਜੇ ਨੇ ਹਾਮਾਨ ਉੱਤੇ ''ਹਮਲਾ ਕਰਨ'' ਦੀ ਕੋਸ਼ਿਸ਼ ਕਰਨ ਦਾ ਜਾਂ ਰਾਣੀ ਨਾਲ ''ਛੇੜਛਾੜ'' ਕਰਨ ਦਾ ਦੋਸ਼ ਲਾਇਆ ਸੀ (NIV)। [2]ਇਕ ਹੋਰ ਘਟਨਾ, ਜਿਸ ਵਿਚ ਬੱਚਿਆਂ ਨੂੰ ਲਿਆ ਗਿਆ ਕਿਉਂਕਿ ਉਨ੍ਹਾਂ ਦੇ ਮਾਪੇ ਕਰਜ਼ਾ ਅਦਾ ਕਰਨ ਵਿਚ ਅਸਫ਼ਲ ਰਹੇ ਸਨ, ਵੇਖੋ 2 ਰਾਜਿਆਂ 4:1. [3]ਇਹ ਸ਼ਾਹੂਕਾਰ ਉਨ੍ਹਾਂ ਨਾਲ ''ਬੇਰਹਿਮੀ'' ਵਾਲਾ ਸਲੂਕ ਕਰਦੇ ਹੋਣਗੇ ਅਤੇ ''ਛੇ ਸਾਲਾਂ'' ਬਾਅਦ ਉਨ੍ਹਾਂ ਨੂੰ

ਛੱਡ ਦੇਣ 'ਚ ਕੋਈ ਦਿਲਚਸਪੀ ਨਹੀਂ ਵਿਖਾਉਂਦੇ ਹੋਣਗੇ। (ਗੈਰਕੌਮਾਂ ਅੱਗੇ ਵੇਚੇ ਗਿਆਂ ਨੂੰ ਬੇਸ਼ੱਕ ਛੇ ਸਾਲਾਂ ਬਾਅਦ ਨਹੀਂ ਛੱਡਿਆ ਜਾਂਦਾ ਸੀ।) [4]ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇਃ ਇੰਟਰ–ਵਰਸਿਟੀ ਪ੍ਰੈੱਸ, 1979), 96. [5]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ਼ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 708 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ–ਨਹਮਯਾਹ।'' [6]ਲੈਸਲੀ ਸੀ. ਐਲਨ ਐਂਡ ਤਿਮੋਥੀ ਐੱਸ. ਲੇਨਿਆਕ, *ਅਜ਼ਰਾ, ਨਹਮਯਾਹ, ਅਸਤਰ*, ਨਿਊ ਇੰਟਰਨੈਸ਼ਨਲ ਬਾਈਬਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸਃ ਹੈਂਡ੍ਰਿਕਸਨ ਪਬਲੀਸ਼ਰਜ਼, 2003), 113. [7]*ਅਮੈਰਿਕਨ ਹੈਰੀਟੇਜ ਡਿਕਸ਼ਟਰੀ*, 5ਵਾਂ ਸੰਪਾ. (2012), ਐਸ.ਵੀ. ''ਯੂਸਰੀ।'' [8]ਜੇਮਸ ਬਰਟਨ ਕੌਫ਼ਮੈਨ ਐਂਡ ਥੇਲਮਾ ਬੀ. ਕੌਫ਼ਮੈਨ, *ਕਮੈਂਟਰੀ ਆਨ ਅਜ਼ਰਾ, ਨਹਮਯਾਹ ਐਂਡ ਅਸਤਰ* (ਅਬਿਲੇਨ, ਟੈਕਸਸਃ ਏਸੀਯੂ ਪ੍ਰੈੱਸ, 1993), 156–57. [9]ਕੀਥ ਐਨ. ਸ਼ੋਵਿਲ, *ਅਜ਼ਰਾ–ਨਹਮਯਾਹ,* ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀਃ ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 185. [10]ਵੇਖੋ ਲੁਡਵਿਗ ਕੋਹੇਲਰ ਐਂਡ ਵਾਲਟਰ ਬਾਮਗਰਟਨਰ, *ਦ ਹਿਬਰੂ ਐਂਡ ਅਰੈਮਿਕ ਲੈਕਸਿਕਨ ਆਫ਼ ਦ ਓਲਡ ਟੈਸਟਾਮੈਂਟ*, ਸਟੱਡੀ ਐਡਿ., ਅਨੁ. ਐਂਡ ਸੰਪਾ. ਐੱਮ. ਈ. ਜੇ. ਰਿਚਰਡਸਨ (ਬੋਸਟਨਃ ਬ੍ਰਿੱਲ, 2001), 1:344.

[11]ਇਹ ਹਵਾਲਾ ਇਹ ਸਾਬਤ ਨਹੀਂ ਕਰਦਾ ਕਿ ਅਧਿਆਇ ਦੇ ਪਹਿਲੇ ਹਿੱਸੇ ਵਿਚ ਦੱਸੀਆਂ ਗਈਆਂ ਵਿੱਤੀ ਮੁਸ਼ਕਿਲਾਂ ਹਾਕਮ ਦੇ ਤੌਰ ਤੇ ਨਹਮਯਾਹ ਦੇ ਬਾਰਾਂ ਸਾਲਾਂ ਬਾਅਦ ਹੋਈਆਂ, ਜਿਵੇਂ ਕਈਆਂ ਦਾ ਮੰਨਣਾ ਹੈ। [12]ਇਸ ਵਾਕ ਵਿਚ 5:19 ਵਿਚਲੀ ਖ਼ੁਦਾ ਅੱਗੇ ਕੀਤੀ ਗਈ ਨਹਮਯਾਹ ਦੀ ਬੇਨਤੀ ਨਹੀਂ ਹੈ। [13]ਯਾਮੋਚੀ, 710–11.